@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 7 August 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 7 ਅਗਸਤ 2024, 23 ਸਾਵਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 272, qpatrika@gmail.com ਫੋਨ : 9971359517 www.qaumipatrika.org

ਬੰਗਲਾਦੇਸ਼ 'ਚ ਪ੍ਰਦਰਸਨਾਂ ਦੌਰਾਨ ਮਰਨ ਵਾਲਿਆਂ ਦੀ ਗਿਣਤੀ ਹੋਈ 440

ਸਿੰਮੀ ਕੌਰ ਬੱਬਰ

ਢਾਕਾ 6 ਅਗਸਤ। ਬੰਗਲਾਦੇਸ ਵਿਚ ਮੰਗਲਵਾਰ ਨੂੰ ਸਰਕਾਰ ਵਿਰੋਧੀ ਪ੍ਰਦਰਸਨਾਂ ਵਿਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 440 ਹੋ ਗਈ। ਸਥਾਨਕ ਮੀਡੀਆ ਰਿਪੋਰਟਾਂ ਮੁਤਾਬਕ ਸੇਖ ਹਸੀਨਾ ਦੇ ਸੋਮਵਾਰ ਨੂੰ ਪ੍ਰਧਾਨ ਮੰਤਰੀ ਅਹੁਦੇ ਤੋਂ ਅਸਤੀਫਾ ਦੇਣ ਅਤੇ ਦੇਸ ਛੱਡਣ ਤੋਂ ਬਾਅਦ ਹੋਈਆਂ ਹਿੰਸਾ ਦੀਆਂ ਘਟਨਾਵਾਂ 'ਚ 100 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਫੌਜ ਹਿੰਸਾ ਪ੍ਰਭਾਵਿਤ ਦੇਸ 'ਚ ਸਥਿਤੀ ਨੂੰ ਕੰਟਰੋਲ ਕਰਨ 'ਚ ਲੱਗੀ ਹੋਈ ਹੈ। ਇਕ ਨਿਊਜ਼ ਪੋਰਟਲ ਨੇ ਕਿਹਾ ਕਿ ਵਧਦੀਆਂ ਮੌਤਾਂ ਦੇ ਬਾਵਜੂਦ, ਮੰਗਲਵਾਰ ਨੂੰ ਸੜਕਾਂ 'ਤੇ ਪੁਲਸ ਅਤੇ ਫੌਜ ਦੀ ਗਸਤ ਨਾਲ ਹਾਲਾਤ ਆਮ ਹੋਣ ਦੇ ਸੰਕੇਤ ਮਿਲੇ ਹਨ। ਪੋਰਟਲ ਨੇ ਕਿਹਾ ਕਿ ਸੋਮਵਾਰ ਦੀ ਅਸਾਂਤੀ ਅਤੇ ਰਾਤ ਭਰ ਤਣਾਅਪੂਰਨ ਸਥਿਤੀ ਤੋਂ ਬਾਅਦ ਢਾਕਾ ਵਿਚ ਮੰਗਲਵਾਰ ਸਵੇਰੇ ਸਥਿਤੀ ਮੁੱਖ ਤੌਰ 'ਤੇ ਸਾਂਤ ਰਹੀ। ਰਿਪੋਰਟਾਂ ਅਨੁਸਾਰ ਸੜਕਾਂ 'ਤੇ ਬੱਸਾਂ ਅਤੇ ਹੋਰ ਜਨਤਕ ਵਾਹਨ ਦੇਖੇ ਗਏ ਅਤੇ ਸਥਾਨਕ ਦੁਕਾਨਦਾਰਾਂ ਨੇ ਵੀ ਆਪਣੀਆਂ ਦੁਕਾਨਾਂ ਖੋਲ੍ਹ ਲਈਆਂ। ਨਿਊਜ਼ ਪੋਰਟਲ ਦੀ ਰਿਪੋਰਟ ਮੁਤਾਬਕ ਸਰਕਾਰੀ ਵਾਹਨ ਦਫਤਰਾਂ ਵੱਲ ਜਾਂਦੇ ਵੇਖੇ ਗਏ ਅਤੇ ਕਈ ਬੈਟਰੀ ਨਾਲ ਚੱਲਣ ਵਾਲੇ ਰਿਕਸੇ ਵੀ ਸੜਕਾਂ 'ਤੇ ਦੇਖੇ ਗਏ। ਬੰਗਲਾਦੇਸ ਵਿਚ ਸੋਮਵਾਰ ਨੂੰ ਉਸ ਸਮੇਂ ਹਫੜਾ-ਦਫੜੀ ਫੈਲ ਗਈ ਜਦੋਂ ਸੇਖ ਹਸੀਨਾ ਨੇ ਅਚਾਨਕ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਫੌਜੀ ਜਹਾਜ ਵਿਚ ਦੇਸ ਛੱਡ ਦਿੱਤਾ। ਜਿਵੇਂ ਹੀ ਹਸੀਨਾ ਦੇ ਦੇਸ ਛੱਡਣ ਦੀ ਖਬਰ ਫੈਲੀ ਤਾਂ ਸੈਂਕੜੇ ਲੋਕ ਉਨ੍ਹਾਂ ਦੇ ਘਰ 'ਚ ਦਾਖਲ ਹੋ ਗਏ ਅਤੇ ਭੰਨਤੋੜ ਕੀਤੀ ਅਤੇ ਲੁੱਟਮਾਰ ਕੀਤੀ। ਪ੍ਰਦਰਸਨਕਾਰੀਆਂ ਨੇ ਹਸੀਨਾ ਦੀ ਰਿਹਾਇਸ 'ਸੁਧਾ ਸਦਨ' ਅਤੇ ਰਾਜਧਾਨੀ ਦੇ ਹੋਰ ਅਦਾਰਿਆਂ 'ਤੇ ਹਮਲਾ ਕੀਤਾ ਅਤੇ ਭੰਨਤੋੜ ਅਤੇ ਅੱਗ ਲਾ ਦਿੱਤੀ। ਢਾਕਾ ਅਤੇ ਢਾਕਾ ਤੋਂ ਬਾਹਰ ਹਸੀਨਾ ਦੀ ਅਵਾਮੀ ਲੀਗ ਸਰਕਾਰ ਦੇ ਮੰਤਰੀਆਂ, ਪਾਰਟੀ ਸੰਸਦ ਮੈਂਬਰਾਂ ਅਤੇ ਨੇਤਾਵਾਂ ਦੀਆਂ ਰਿਹਾਇਸਾਂ ਅਤੇ ਵਪਾਰਕ ਅਦਾਰਿਆਂ ਨੂੰ ਵੀ ਨਿਸਾਨਾ ਬਣਾਇਆ ਗਿਆ। ਬੰਗਾਲੀ ਭਾਸਾ ਦੇ ਰੋਜਾਨਾ ਅਖਬਾਰ 'ਪ੍ਰਥਮ ਆਲੋ' ਨੇ ਮੰਗਲਵਾਰ ਨੂੰ ਖਬਰ ਦਿੱਤੀ ਕਿ ਸੋਮਵਾਰ ਨੂੰ ਢਾਕਾ ਸਮੇਤ ਦੇਸ ਦੇ ਵੱਖ-ਵੱਖ ਹਿੱਸਿਆਂ 'ਚ ਹੋਈਆਂ ਝੜਪਾਂ 'ਚ ਘੱਟੋ-ਘੱਟ 109 ਲੋਕ ਮਾਰੇ ਗਏ। ਇਸ ਤੋਂ ਪਹਿਲਾਂ ਅਖਬਾਰ ਨੇ ਐਤਵਾਰ ਦੁਪਹਿਰ 12 ਵਜੇ ਤੱਕ 98 ਮੌਤਾਂ ਅਤੇ ਐਤਵਾਰ ਅੱਧੀ ਰਾਤ ਤੱਕ 16 ਹੋਰ ਮੌਤਾਂ ਦੀ ਖਬਰ ਦਿੱਤੀ ਸੀ। ਉਨ੍ਹਾਂ ਕਿਹਾ ਕਿ ਐਤਵਾਰ ਨੂੰ ਕੁੱਲ 114 ਲੋਕਾਂ ਦੀ ਮੌਤ ਹੋ ਗਈ। ਅਖਬਾਰ ਨੇ ਕਿਹਾ ਕਿ ਇਸ ਨਾਲ 16 ਜੁਲਾਈ ਤੋਂ ਕੱਲ੍ਹ ਤੱਕ 21 ਦਿਨਾਂ ਵਿੱਚ ਹਿੰਸਾ ਵਿੱਚ ਜਾਨਾਂ ਗੁਆਉਣ ਵਾਲੇ ਲੋਕਾਂ ਦੀ ਕੁੱਲ ਗਿਣਤੀ 440 ਹੋ ਗਈ ਹੈ। ਅਖਬਾਰ ਨੇ ਕਿਹਾ ਕਿ ਢਾਕਾ ਵਿੱਚ ਸੋਮਵਾਰ ਨੂੰ ਸਵੇਰੇ 11 ਵਜੇ ਤੋਂ ਰਾਤ 8 ਵਜੇ ਤੱਕ 37

ਦੰਗਾਕਾਰੀਆਂ ਵਿਚਾਲੇ ਝੜਪਾਂ ਤੋਂ ਬਾਅਦ ਰਾਜਧਾਨੀ ਦੇ ਬਾਹਰੀ ਹਿੱਸੇ 'ਚ ਧਮਰਾਈ ਅਤੇ ਸਾਵਰ 'ਚ ਘੱਟੋ-ਘੱਟ 18 ਲੋਕ ਮਾਰੇ ਗਏ। ਉਨ੍ਹਾਂ ਕਿਹਾ ਕਿ ਸੋਮਵਾਰ ਨੂੰ ਰਾਜਧਾਨੀ ਦੇ ਉੱਤਰਾ 'ਚ ਸਾਦੇ ਕੱਪੜਿਆਂ 'ਚ ਕੁਝ ਲੋਕਾਂ ਨੇ ਕਥਿਤ ਤੌਰ 'ਤੇ ਪ੍ਰਦਰਸਨਕਾਰੀਆਂ 'ਤੇ ਗੋਲੀਬਾਰੀ ਕੀਤੀ ਤਾਂ 10 ਲੋਕਾਂ ਦੀ ਮੌਤ ਹੋ ਗਈ। ਅਖਬਾਰ ਮੁਤਾਬਕ ਹਬੀਗੰਜ ਵਿਚ ਛੇ, ਜੇਸੋਰ ਵਿਚ ਅੱਠ, ਖੁਲਨਾ ਵਿਚ ਤਿੰਨ, ਬਾਰੀਸਾਲ ਵਿਚ ਤਿੰਨ, ਲਕਸਮੀਪੁਰ ਵਿਚ 11, ਕੁਸਟੀਆ ਵਿਚ ਛੇ, ਸਤਖੀਰਾ ਵਿਚ ਤਿੰਨ ਅਤੇ ਗਾਜੀਪੁਰ ਦੇ ਸ੍ਰੀਪੁਰ ਵਿਚ ਛੇ ਲੋਕਾਂ ਦੀ ਮੌਤ ਹੋ ਗਈ। ਹਸਪਤਾਲ ਦੇ ਸੂਤਰਾਂ ਨੇ ਦੱਸਿਆ ਕਿ ਪੱਛਮੀ ਜੋਹਰ ਜ਼ਿਲ੍ਹੇ ਵਿੱਚ ਅਵਾਮੀ ਲੀਗ ਦੇ ਇੱਕ ਨੇਤਾ ਦੀ ਮਾਲਕੀ ਵਾਲੇ ਇੱਕ ਹੋਟਲ ਵਿੱਚ ਬੀਤੀ ਰਾਤ ਘੱਟੋ-ਘੱਟ 24 ਲੋਕਾਂ ਨੂੰ ਜ਼ਿੰਦਾ ਸਾੜ ਦਿੱਤਾ ਗਿਆ। ਬੰਗਲਾਦੇਸ ਦੇ ਰਾਸਟਰਪਤੀ ਮੁਹੰਮਦ ਸਹਾਬੁਦੀਨ ਨੇ ਸੋਮਵਾਰ ਦੇਰ ਰਾਤ ਸਾਰੀਆਂ ਸਿਆਸੀ ਪਾਰਟੀਆਂ ਨੂੰ ਦੇਸ 'ਚ ਕਾਨੂੰਨ ਵਿਵਸਥਾ ਨੂੰ ਆਮ ਬਣਾਉਣ 'ਚ ਮਦਦ ਕਰਨ ਦੀ ਅਪੀਲ ਕੀਤੀ ਅਤੇ ਹਥਿਆਰਬੰਦ ਬਲਾਂ ਨੂੰ ਲੋਕਾਂ ਦੀ ਜਾਨ-ਮਾਲ ਅਤੇ ਸਰਕਾਰੀ ਜਾਇਦਾਦਾਂ ਦੀ ਸੁਰੱਖਿਆ ਲਈ ਸਖਤ ਕਦਮ ਚੁੱਕਣ ਦੇ ਨਿਰਦੇਸ ਦਿੱਤੇ।

ਸ਼ਾਹ ਦੀ ਦੇਸ਼ਵਾਸੀਆਂ ਨੂੰ ਘਰਾਂ 'ਤੇ ਤਿਰੰਗਾ ਲਹਿਰਾਉਣ ਦੀ ਅਪੀਲ

ਨਵੀਂ ਦਿੱਲੀ, 6 ਅਗਸਤ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਨੇ ਸਨੀਵਾਰ ਨੂੰ ਦੇਸ ਵਾਸੀਆਂ ਨੂੰ ਅਪੀਲ ਕੀਤੀ ਕਿ 'ਹਰ ਘਰ ਤਿਰੰਗਾ' ਮੁਹਿੰਮ ਤਹਿਤ 9 ਤੋਂ 16 ਅਗਸਤ ਤੱਕ ਆਪਣੇ ਘਰਾਂ ਉੱਪਰ ਤਿਰੰਗਾ ਲਹਿਰਾ ਕੇ ਇਸ ਦੀ ਸੈਲਫੀ 'ਹਰ ਘਰ ਤਿਰੰਗਾ' ਵੈੱਬਸਾਈਟ 'ਤੇ ਅਪਲੋਡ ਕਰੋ। ਸਾਹ ਨੇ ਸੋਸਲ ਮੀਡੀਆ

ਪਲੇਟਫਾਰਮ 'ਐਕਸ' 'ਤੇ ਇਕ ਪੋਸਟ 'ਚ ਕਿਹਾ ਕਿ ਸਾਡਾ ਰਾਸਟਰੀ ਝੰਡਾ ਤਿਰੰਗਾ ਕੁਰਬਾਨੀ, ਵਫਾਦਾਰੀ ਅਤੇ ਸਾਂਤੀ ਦਾ ਪ੍ਰਤੀਕ ਹੈ। 'ਹਰ ਘਰ ਤਿਰੰਗਾ' ਮੁਹਿੰਮ ਆਜਾਦੀ ਦੇ ਨਾਇਕਾਂ ਨੂੰ ਯਾਦ ਕਰਨ, ਨੇਸ਼ਨ ਫਸਟ ਦਾ ਸੰਕਲਪ ਲੈਣ ਅਤੇ ਰਾਸਟਰੀ ਏਕਤਾ ਨੂੰ ਹੱਲਾਸ਼ੇਰੀ ਦੇਣ ਦਾ ਮਾਧਿਅਮ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੱਦੇ 'ਤੇ ਇਹ ਮੁਹਿੰਮ ਬੀਤੇ 2 ਸਾਲਾਂ ਵਿਚ ਜਨ-ਜਨ ਦੀ ਮੁਹਿੰਮ ਬਣ ਗਈ ਹੈ। ਆਉਣ ਵਾਲੀ 9 ਤੋਂ 16 ਅਗਸਤ ਤੱਕ ਤੁਸੀਂ ਵੀ ਆਪਣੇ ਘਰਾਂ 'ਤੇ ਤਿਰੰਗਾ ਲਹਿਰਾ ਕੇ ਹਰ ਘਰ ਤਿਰੰਗਾ ਵੈੱਬਸਾਈਟ 'ਤੇ ਆਪਣੀ ਸੈਲਫੀ ਅਪਲੋਡ ਕਰੋ।

ਵਾਇਨਾਡ ਜਮੀਨ ਖਿਸਕਣ 'ਤੇ ਥਰੂਰ ਨੇ ਕਿਹਾ- ਕੁਝ ਗੈਰ-ਕਾਨੂੰਨੀ ਹੋਇਆ ਤਾਂ ਕਾਰਵਾਈ ਹੋਵੇ

ਨਵੀਂ ਦਿੱਲੀ 6 ਅਗਸਤ। ਕਾਂਗਰਸ ਦੇ ਸੀਨੀਅਰ ਨੇਤਾ ਸ਼ਸ਼ੀ ਥਰੂਰ ਨੇ ਸੋਮਵਾਰ ਨੂੰ ਕਿਹਾ ਕਿ ਜੇਕਰ ਵਾਇਨਾਡ ਦੀ ਕੁਦਰਤੀ ਆਫਤ ਕਿਸੇ ਗੈਰ-ਕਾਨੂੰਨੀ ਗਤੀਵਿਧੀ ਕਾਰਨ ਹੋਈ ਤਾਂ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਪਰ ਅਜੇ ਮਨੋਵਿਗਿਆਨੀ ਸਟ੍ਰੋਕ ਨਾਲ ਜੂਝ ਰਹੇ ਪ੍ਰਭਾਵਿਤ ਲੋਕਾਂ ਨੂੰ ਖਿਆਲ ਕਰਨ ਅਤੇ ਹਮਦਰਦੀ ਪ੍ਰਗਟ ਕਰਨ ਦੀ ਲੋੜ ਹੈ। ਥਰੂਰ ਕੇਂਦਰੀ ਵਾਤਾਵਰਣ ਮੰਤਰੀ ਭੂਪੇਂਦਰ ਯਾਦਵ ਦੀ ਉਸ ਟਿੱਪਣੀ ਦਾ ਜਵਾਬ ਦੇ ਰਹੇ ਸਨ, ਜਿਸ 'ਚ ਉਨ੍ਹਾਂ ਕਿਹਾ ਸੀ ਕਿ ਕੇਰਲ ਸਰਕਾਰ ਨੇ ਰਾਜ ਦੇ ਸੰਵੇਦਨਸ਼ੀਲ ਖੇਤਰ 'ਚ ਗੈਰ-ਕਾਨੂੰਨੀ ਰਿਹਾਇਸ਼ ਵਿਸਥਾਰ ਅਤੇ ਖਨਨ ਦੀ ਮਨਜੂਰੀ ਦਿੱਤੀ, ਜਿਸ ਕਾਰਨ ਨਤੀਜੇ ਵਜੋਂ ਵਾਇਨਾਡ ਜ਼ਿਲ੍ਹੇ 'ਚ ਵਿਨਾਸ਼ਕਾਰੀ ਜਮੀਨ ਖਿਸਕਣ ਹੋਇਆ। ਥਰੂਰ ਨੇ ਦੱਸਿਆ,"ਜੇਕਰ ਕੁਝ ਗੈਰ-ਕਾਨੂੰਨੀ ਹੋਇਆ ਹੈ ਤਾਂ ਯਕੀਨੀ ਤੌਰ 'ਤੇ ਮੁਆਫ ਨਹੀਂ ਕੀਤਾ ਜਾਣਾ ਚਾਹੀਦਾ ਅਤੇ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।" ਉਨ੍ਹਾਂ ਕਿਹਾ,"ਹੁਣ ਸਭ ਤੋਂ ਵੱਡੀ ਚਿੰਤਾ ਜਿਊਂਦੇ ਬਚੇ ਲੋਕਾਂ ਦੀ ਦੇਖਭਾਲ ਕਰਨਾ, ਉਨ੍ਹਾਂ ਦਾ ਇਲਾਜ ਕਰਨਾ ਹੈ, ਕਿਉਂਕਿ ਉਨ੍ਹਾਂ ਦਾ ਜਖਮ ਸਿਰਫ ਸਰੀਰਕ ਨਹੀਂ ਹੈ ਸਗੋਂ ਮਾਨਸਿਕ ਵੀ ਹੈ। ਇਹ ਭਿਆਨਕ ਮਨੋਵਿਗਿਆਨੀ ਸਟ੍ਰੋਕ ਤੋਂ ਲੰਘੇ ਹਨ। ਇਨ੍ਹਾਂ ਸਾਰਿਆਂ ਦੇ ਪ੍ਰਤੀ ਖਿਆਲ ਕਰਨ ਅਤੇ ਹਮਦਰਦੀ ਦੀ ਜਰੂਰਤ ਹੈ।"

ਦ੍ਰੌਪਦੀ ਮੁਰਮੂ ਫਿਜੀ ਦੇ 'ਸਰਵਉੱਚ ਨਾਗਰਿਕ ਪੁਰਸਕਾਰ' ਨਾਲ ਸਨਮਾਨਿਤ

ਨਵੀਂ ਦਿੱਲੀ 6 ਅਗਸਤ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੂੰ ਫਿਜੀ ਦੇ ਸਰਵਉੱਚ ਨਾਗਰਿਕ ਪੁਰਸਕਾਰ 'ਕਮਪੈਨੀਅਨ ਆਫ ਦਿ ਆਰਡਰ ਆਫ ਫਿਜੀ' ਨਾਲ ਸਨਮਾਨਤ ਕੀਤੇ ਜਾਣ 'ਤੇ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਹਰ ਭਾਰਤੀ ਲਈ ਬਹੁਤ ਮਾਣ ਅਤੇ ਖੁਸ਼ੀ ਦਾ ਪਲ ਹੈ। ਰਾਸ਼ਟਰਪਤੀ ਮੁਰਮੂ ਨੂੰ ਮੰਗਲਵਾਰ ਨੂੰ ਫਿਜੀ ਦੇ ਸਰਵਉੱਚ ਨਾਗਰਿਕ ਪੁਰਸਕਾਰ 'ਕਮਪੈਨੀਅਨ

ਆਫ ਦਿ ਆਰਡਰ ਆਫ ਫਿਜੀ' ਨਾਲ ਸਨਮਾਨਤ ਕੀਤਾ ਗਿਆ। ਪ੍ਰਧਾਨ ਮੰਤਰੀ ਮੋਦੀ ਨੇ 'ਐਕਸ' 'ਤੇ ਇਕ ਪੋਸਟ 'ਚ ਕਿਹਾ,"ਰਾਸ਼ਟਰਪਤੀ ਜੀ ਨੂੰ ਫਿਜੀ ਦੇ ਸਰਵਉੱਚ ਨਾਗਰਿਕ ਪੁਰਸਕਾਰ, ਕਮਪੈਨੀਅਨ ਆਫ ਦਿ ਆਰਡਰ ਆਫ ਫਿਜੀ ਨਾਲ ਸਨਮਾਨਤ ਕੀਤੇ ਜਾਣ 'ਤੇ ਵਧਾਈ। ਇਹ ਹਰ ਭਾਰਤੀ ਲਈ ਬਹੁਤ ਮਾਣ ਅਤੇ ਖੁਸ਼ੀ ਦਾ ਪਲ ਹੈ। ਇਹ ਰਾਸ਼ਟਰਪਤੀ ਜੀ ਦੀ ਅਗਵਾਈ ਦੇ ਨਾਲ-ਨਾਲ ਭਾਰਤ ਅਤੇ ਫਿਜੀ ਦੇ ਲੋਕਾਂ ਵਿਚਾਲੇ ਇਤਿਹਾਸਕ ਸੰਪਰਕ ਦੀ ਵੀ ਮਾਨਤਾ ਹੈ।"

16 ਅਗਸਤ ਤੋਂ 19 ਅਗਸਤ ਤੱਕ ਹੋਈਆਂ ਛੁੱਟੀਆਂ ! ਸਕੂਲ ਰਹਿਣਗੇ ਬੰਦ

ਨੈਸਨਲ ਡੈਸਕ 6 ਅਗਸਤ। ਅਗਸਤ ਦੇ ਮਹੀਨੇ ਦੀ ਸੁਰੂਆਤ ਹੋਣ ਦੇ ਨਾਲ ਹੀ ਛੁੱਟੀਆਂ ਵੀ ਸੁਰੂ ਹੋ ਗਈਆਂ ਹਨ। ਇਸ ਮਹੀਨੇ 16 ਅਗਸਤ, ਰੱਖੜੀ ਅਤੇ ਕ੍ਰਿਸਨ ਜਨਮ ਅਸਟਮੀ ਵਰਗੇ ਵੱਡੇ ਤਿਉਹਾਰ ਆ ਰਹੇ ਹਨ ਅਤੇ ਅਜਿਹੇ 'ਚ ਸਕੂਲੀ ਬੱਚਿਆਂ ਅਤੇ ਕਰਮਚਾਰੀਆਂ ਲਈ ਰਾਹਤ ਦੀ ਗੱਲ ਹੈ ਕਿ ਇਹ ਦੋਵੇਂ ਤਿਉਹਾਰ ਵੀਕੈਂਡ 'ਤੇ ਪੈ ਰਹੇ ਹਨ। ਇਸ ਕਾਰਨ ਲੋਕਾਂ ਨੂੰ ਲਗਾਤਾਰ 5 ਦਿਨ ਆਰਾਮ ਮਿਲੇਗਾ। ਅਜਿਹੇ 'ਚ ਇਨ੍ਹਾਂ ਦਿਨਾਂ 'ਚ ਪੂਰੇ ਦੇਸ 'ਚ ਜਨਤਕ ਛੁੱਟੀ ਹੋਵੇਗੀ। ਇਸ ਤੋਂ ਇਲਾਵਾ ਮਹੀਨੇ ਵਿੱਚ ਕੁੱਲ ਪੰਜ ਸਨੀਵਾਰ ਅਤੇ ਚਾਰ ਐਤਵਾਰ ਹੁੰਦੇ ਹਨ। ਇਸ ਤੋਂ ਇਲਾਵਾ ਕਈ ਅਜਿਹੇ ਮੌਕੇ ਹਨ, ਜਿਨ੍ਹਾਂ 'ਤੇ ਜਨਤਕ ਛੁੱਟੀ ਹੋਵੇਗੀ। ਅਜਿਹੇ 'ਚ ਇਸ ਮਹੀਨੇ ਕੁੱਲ 12 ਦਿਨਾਂ ਦੀਆਂ ਛੁੱਟੀਆਂ ਹਨ। ਹਰ ਸਾਲ 16 ਅਗਸਤ ਨੂੰ ਦੇਸ ਭਰ ਵਿੱਚ ਆਜਾਦੀ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਸ ਵਾਰ 16 ਅਗਸਤ ਵੀਰਵਾਰ ਨੂੰ ਪੈ ਰਿਹਾ ਹੈ। ਇਸ ਤੋਂ ਬਾਅਦ 17 ਅਤੇ 18 ਅਗਸਤ ਨੂੰ ਜ਼ਿਆਦਾਤਰ ਦਫਤਰਾਂ ਅਤੇ ਕਾਲਜਾਂ ਵਿੱਚ ਸਨੀਵਾਰ ਅਤੇ ਐਤਵਾਰ ਨੂੰ ਛੁੱਟੀ ਹੋਵੇਗੀ। ਇਸ ਦੇ ਨਾਲ ਹੀ ਰੱਖੜੀ ਦਾ ਤਿਉਹਾਰ 19 ਅਗਸਤ ਯਾਨੀ ਸੋਮਵਾਰ ਵਾਲੇ ਦਿਨ ਆ ਰਿਹਾ ਹੈ। ਇਸ ਕਰਕੇ ਇਸ ਵਾਰ ਲੋਕ 16 ਅਗਸਤ ਨੂੰ ਛੁੱਟੀ ਲੈ ਕੇ 5 ਦਿਨਾਂ ਦੀ ਲੰਬੀ ਛੁੱਟੀ ਦਾ ਆਨੰਦ ਲੈ ਸਕਦੇ ਹਨ। ਇਸ ਤੋਂ ਇਲਾਵਾ ਤੁਹਾਨੂੰ ਦੱਸ ਦੇਈਏ ਕਿ ਕਾਂਵੜ ਯਾਤਰਾ ਕਾਰਨ ਉੱਤਰ ਪ੍ਰਦੇਸ ਦੇ ਕਈ ਜ਼ਿਲ੍ਹਿਆਂ ਜਿਵੇਂ ਮੁਰਾਦਾਬਾਦ, ਮੁਜੱਫਰਨਗਰ, ਮੇਰਠ, ਸਹਾਰਨਪੁਰ ਅਤੇ ਹਾਪੁੜ ਵਿੱਚ 27 ਜੁਲਾਈ ਤੋਂ 2 ਅਗਸਤ ਤੱਕ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ ਗਏ ਸਨ।

ਉਪ ਚੋਣਾਂ ਤੋਂ ਪਹਿਲਾਂ ਸਮਾਜਵਾਦੀਆਂ ਨੂੰ ਬਦਨਾਮ ਕਰਨਾ ਚਾਹੁੰਦੀ ਹੈ ਭਾਜਪਾ : ਅਖਿਲੇਸ਼

ਏਜੰਸੀਆਂ

ਲਖਨਊ 6 ਅਗਸਤ। ਸਮਾਜਵਾਦੀ ਪਾਰਟੀ (ਸਪਾ) ਦੇ ਪ੍ਰਧਾਨ ਅਤੇ ਉੱਤਰ ਪ੍ਰਦੇਸ ਦੇ ਸਾਬਕਾ ਮੁੱਖ ਮੰਤਰੀ ਅਖਿਲੇਸ ਯਾਦਵ ਨੇ ਸੋਮਵਾਰ ਨੂੰ ਦੋਸ ਲਗਾਇਆ ਕਿ ਵਿਧਾਨ ਸਭਾ ਉਪ ਚੋਣਾਂ ਤੋਂ ਪਹਿਲਾਂ, ਰਾਜ ਦੀ ਭਾਰਤੀ ਜਨਤਾ ਪਾਰਟੀ (ਭਾਜਪਾ) ਸਰਕਾਰ ਅਯੁੱਧਿਆ ਬਲਾਤਕਾਰ ਦੇ ਮਾਮਲੇ 'ਤੇ 'ਵੋਟ ਦੀ ਰਾਜਨੀਤੀ' ਲਈ ਸਮਾਜਵਾਦੀਆਂ ਨੂੰ ਬਦਨਾਮ ਕਰ ਰਹੀ ਹੈ। ਯਾਦਵ ਨੇ 'ਛੋਟੇ ਲੋਹੀਆ' ਦੇ ਨਾਂ ਨਾਲ ਮਸਹੂਰ ਰਹੇ ਸਮਾਜਵਾਦੀ ਨੇਤਾ ਜਨੇਸਵਰ ਮਿਸਰਾ ਦੀ ਜਯੰਤੀ 'ਤੇ ਉਹਨਾਂ ਨੂੰ ਸਰਧਾਂਜਲੀ ਦੇਣ ਤੋਂ ਬਾਅਦ ਅਯੁੱਧਿਆ ਬਲਾਤਕਾਰ ਮਾਮਲੇ 'ਤੇ ਪੱਤਰਕਾਰਾਂ ਨੂੰ ਕਿਹਾ, "ਜ਼ਿਮਨੀ ਚੋਣਾਂ (ਉੱਤਰ ਪ੍ਰਦੇਸ਼ ਦੀਆਂ 10 ਸੀਟਾਂ 'ਤੇ ਹੋਣ ਵਾਲੇ) ਤੋਂ ਪਹਿਲਾਂ ਭਾਜਪਾ ਸਾਜ਼ਿਸ ਰਚ ਰਹੀ ਹੈ ਅਤੇ ਪਹਿਲੇ ਦਿਨ ਤੋਂ ਇਸਦਾ ਉਦੇਸ ਰਿਹਾ ਹੈ ਕਿ ਸਮਾਜਵਾਦੀਆਂ ਨੂੰ ਕਿਵੇਂ ਬਦਨਾਮ ਕੀਤਾ ਜਾਵੇ। ਖਾਸ ਕਰਕੇ ਮੁਸਲਮਾਨਾਂ ਨੂੰ ਲੈ ਕੇ ਉਨ੍ਹਾਂ ਦੀ ਜੋ ਸੋਚ ਹੈ, ਉਹ ਗੈਰ-ਜਮਹੂਰੀ ਹੈ।" ਉਨ੍ਹਾਂ ਨੇ ਅਯੁੱਧਿਆ ਦੀ ਘਟਨਾ ਦਾ ਜ਼ਿਕਰ ਕਰਦਿਆਂ ਕਿਹਾ, "ਸਾਲ 2023 ਦਾ ਭਾਜਪਾ ਸਰਕਾਰ ਦਾ ਇਕ ਸੋਧਿਆ ਕਾਨੂੰਨ ਹੈ, ਜਿਸ 'ਚ ਕਿਹਾ ਗਿਆ ਹੈ ਕਿ ਜੇਕਰ ਸੱਤ ਸਾਲ ਤੋਂ ਵੱਧ ਦੀ ਸਜਾ ਵਾਲਾ ਅਪਰਾਧ ਹੋਇਆ ਹੈ ਤਾਂ ਡੀਐੱਨਏ ਟੈਸਟ ਹੋਣਾ ਚਾਹੀਦਾ ਤਾਂ ਸਮਾਜਵਾਦੀ ਪਾਰਟੀ ਨੇ ਕੀ ਕੀਤੀ ਗਲਤ ਮੰਗ ਕੀਤੀ? ਉਥੋਂ ਦੀ ਪੁਲਸ ਵੀ ਸੱਚਾਈ ਜਾਣਦੀ ਹੈ। ਬਹੁਤ ਸਾਰੇ ਅਧਿਕਾਰੀ ਅਜਿਹੇ ਹਨ, ਜੋ ਕਹਿ ਰਹੇ ਹਨ ਕਿ ਸਾਨੂੰ ਤਾਂ ਨੌਕਰੀ ਬਚਾਉਣੀ ਹੈ, ਅਸੀਂ ਕੀ ਕਰੀਏ?" ਉਨ੍ਹਾਂ ਦੋਸ ਲਾਇਆ, "ਅਧਿਕਾਰੀਆਂ 'ਤੇ ਇੰਨਾ ਦਬਾਅ ਹੈ ਕਿ ਉਹ

ਇਨਸਾਫ ਨਹੀਂ ਦੇ ਸਕਦੇ। ਭਾਜਪਾ ਵਿਤਕਰਾ ਇਸ ਲਈ ਕਰ ਰਹੀ ਹੈ, ਕਿਉਂਕਿ ਉਸ ਨੂੰ ਵੋਟ ਦੀ ਰਾਜਨੀਤੀ ਵਿਖਾਈ ਦਿੰਦੀ ਹੈ। ਭਾਜਪਾ ਦੇ ਲੋਕ ਕਿੰਨਾ ਵੀ ਕੁਝ ਕਰ ਲੈਣ, ਹੁਣ ਜਨਤਾ ਨੂੰ ਉਨ੍ਹਾਂ ਤੋਂ ਕੋਈ ਉਮੀਦ ਨਹੀਂ ਹੈ ਅਤੇ ਜਦੋਂ ਕਿਸੇ ਸਿਆਸੀ ਪਾਰਟੀ ਤੋਂ ਉਮੀਦ ਖਤਮ ਹੋ ਜਾ

ਪੈਟਰੋਲ ਪੰਪ ਨੇੜਿਓਂ ਬਰੇਜਾ ਕਾਰ ਖੋਹ ਕੇ ਭੱਜੇ 3 ਲੁਟੇਰਿਆਂ 'ਚੋਂ ਇਕ ਕਾਬੂ

ਕਿਸਨਗੜ੍ਹ 6 ਅਗਸਤ। ਬੁੱਧਵਾਰ ਦੀ ਰਾਤ ਨੂੰ ਕਰੀਬ 10.30 ਵਜੇ ਜਲੰਧਰ-ਪਠਾਨਕੋਟ ਰਾਸਟਰੀ

ਮਾਰਗ 'ਤੇ ਸਥਿਤ ਅੱਡਾ ਬੱਲਾਂ-ਸਰਮਸਤਪੁਰ ਨੇੜੇ ਇਕ ਪੈਟਰੋਲ ਪੰਪ ਕੋਲ ਇਕ ਵਿਅਕਤੀ ਦੀ ਬਰੇਜਾ ਗੱਡੀ ਖੋਹ ਕੇ ਫਰਾਰ ਹੋਣ ਵਾਲੇ 3 ਲੁਟੇਰਿਆਂ 'ਚੋਂ ਇਕ ਲੁਟੇਰਾ ਨੂੰ ਪੁਲਸ ਨੇ ਕਾਬੂ ਕਰ ਲਿਆ ਹੈ ਅਤੇ ਉਨ੍ਹਾਂ ਵੱਲੋਂ ਖੋਹੀ ਗਈ ਕਾਰ ਵੀ ਮਿਲ ਗਈ ਹੈ। ਪੁਲਸ ਨੂੰ ਦਿੱਤੇ ਗਏ ਬਿਆਨਾਂ 'ਚ ਮਹਿੰਦਰ ਪਾਲ ਪੁੱਤਰ ਸਰਨ ਦਾਸ ਨਿਵਾਸੀ ਪਿੰਡ ਰੇਰੂ, ਜੋਕਿ ਕੁਝ ਸਮਾਂ ਪਹਿਲਾਂ ਵਿਦੇਸ ਤੋਂ ਆਇਆ ਸੀ ਤੇ ਆਪਣੇ ਕਿਸੇ ਰਿਸਤੇਦਾਰ ਨੂੰ ਪਿੰਡ ਸਰਮਸਤਪੁਰ ਤੋਂ ਮਿਲ ਕੇ ਵਾਪਸ ਪਿੰਡ ਰੇਰੂ ਨੂੰ ਜਾਂਦੇ ਸਮੇਂ ਅੱਡਾ ਸਰਮਸਤਪੁਰ ਨਜਦੀਕ ਇਕ ਪੈਟਰੋਲ ਪੰਪ ਨਜਦੀਕ ਢਾਬੇ ਕੋਲ ਆਪਣੀ ਬਰੇਜਾ ਗੱਡੀ ਪੀ. ਬੀ. 08 ਡੀ. ਆਰ 9030 ਨੂੰ ਹਾਈਵੇਅ 'ਤੇ ਖੜ੍ਹੀ ਕਰਕੇ ਨਜਦੀਕ ਹੀ ਪਿਸਾਬ ਕਰਨ ਚਲਾ ਗਿਆ, ਜਦ ਉਹ ਪੇਸਾਬ ਕਰਕੇ ਜਾਣ ਲਈ ਆਪਣੀ ਗੱਡੀ 'ਚ ਬੈਠਣ ਲੱਗਾ ਤਾਂ ਉਸ ਨੂੰ 3 ਨੌਜਵਾਨਾਂ ਨੇ ਧੱਕਾ ਮਾਰ ਕੇ ਪਾਸੇ ਸੁੱਟ ਦਿੱਤਾ ਅਤੇ ਉਸ ਦੀ ਗੱਡੀ ਲੈ ਕੇ ਫਰਾਰ ਹੋ ਗਏ। ਉਸ ਨੇ ਦੱਸਿਆ ਕਿ ਕਾਰ 'ਚ ਉਸ ਦਾ ਇਕ ਮੋਬਾਈਲ, ਪਰਸ , ਜਿਸ 'ਚ 5 ਹਜਾਰ ਦੀ ਨਕਦੀ, ਪੈਨ ਕਾਰਡ, ਡਰਾਈਵਿੰਗ ਲਾਇਸੈਂਸ, ਏ. ਟੀ. ਐੱਮ., ਕ੍ਰੈਡਿਟ ਕਾਰਡ ਵੀ ਸਨ। ਇਸ ਸਬੰਧੀ ਉਸ ਨੇ ਦੇਰ ਰਾਤੀ ਥਾਣਾ ਮਕਸੂਦਾਂ ਅਤੇ ਨਾਲ ਹੀ ਸਥਾਨਕ ਕਿਸਨਗੜ੍ਹ ਪੁਲਸ ਚੌਕੀ ਦੀ ਪੁਲਸ ਨੂੰ ਰਿਪੋਰਟ ਦਰਜ ਕਰਵਾ ਦਿੱਤੀ। ਪੁਲਸ ਚੌਕੀ ਕਿਸਨਗੜ੍ਹ ਅਤੇ ਥਾਣਾ ਕਰਤਾਰਪੁਰ ਦੀ ਪੁਲਸ ਪਾਰਟੀ ਅਤੇ ਪੀੜਤ ਮਹਿੰਦਰਪਾਲ ਨੇ ਵੀ ਆਪਣੇ ਪੱਧਰ 'ਤੇ ਕਾਰ ਅਤੇ ਲੁਟੇਰਿਆਂ ਦੀ ਭਾਲ ਜਾਰੀ ਰੱਖੀ। ਦੂਸਰੇ ਦਿਨ ਸਵੇਰੇ ਪੁਲਸ ਵੱਲੋਂ ਸੀ. ਸੀ. ਟੀ. ਵੀ. ਫੁਟੇਜ ਕਢਵਾਉਣ ਉਪਰੰਤ ਕਾਰ ਦੀ ਲੋਕੇਸਨ ਟਰੇਸ ਕਰਕੇ ਉਨ੍ਹਾਂ ਦਾ ਪਿੱਛਾ ਕੀਤਾ ਗਿਆ, ਜਦ ਪੁਲਸ ਪਾਰਟੀ ਕਾਰ ਸਵਾਰ ਲੁਟੇਰਿਆਂ ਦਾ ਪਿੱਛਾ ਕਰ ਰਹੀ ਸੀ ਤਾਂ ਬੌਖਲਾਏ ਹੋਏ ਲੁਟੇਰਿਆਂ ਨੇ ਗੱਡੀ ਨਾਲ ਟਾਂਡਾ ਨੇੜੇ ਇਕ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ। ਇਸ 'ਚ ਮੋਟਰਸਾਈਕਲ ਸਵਾਰ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ। ਉਕਤ ਹਾਦਸੇ 'ਚ ਕਾਰ ਬੁਰੀ ਤਰ੍ਹਾਂ ਨੁਕਸਾਨੀ ਗਈ ਤੇ ਕਾਰ ਸਟਾਰਟ ਨਾ ਹੋਣ ਦੀ ਸੂਰਤ 'ਚ ਲੁਟੇਰਿਆਂ ਨੇ ਉਥੋਂ ਭੱਜਣ ਦੀ ਕੋਸਿ਼ਸ਼ ਕੀਤੀ, ਜਿਨ੍ਹਾਂ 'ਚੋਂ ਇਕ ਲੁਟੇਰੇ ਨੂੰ ਪੁਲਸ ਵੱਲੋਂ ਕਾਬੂ ਕਰ ਲਿਆ ਗਿਆ ਤੇ ਬਾਕੀ 2 ਭੱਜਣ 'ਚ ਕਾਮਯਾਬ ਹੋ ਗਏ। ਪੁਲਸ ਚੌਕੀ ਕਿਸਨਗੜ੍ਹ ਦੇ ਇੰਚਾਰਜ ਏ. ਐੱਸ. ਆਈ. ਬਲਵੀਰ ਸਿੰਘ ਬੁੱਟਰ ਨੇ ਦੱਸਿਆ ਕਿ ਜੌਨੀ ਉਰਫ ਰੋਨੀ ਪੁੱਤਰ ਰੂਪ ਚੰਦ ਉਰਫ ਭੂਪਾ ਨਿਵਾਸੀ ਬੁੱਟਰਾਂ ਥਾਣਾ ਭੋਗਪੁਰ ਨੂੰ ਕਾਬੂ ਕਰ ਲਿਆ ਗਿਆ ਹੈ ਤੇ ਫਰਾਰ ਹੋਏ ਦੋਸੀ ਸੁਲੇਮਾਨ ਪੁੱਤਰ ਮੱਦੀ, ਅਭੀ ਪੁੱਤਰ ਸਾਖੀ ਦੋਵੇਂ ਨਿਵਾਸੀ ਬੁੱਟਰਾਂ 'ਤੇ ਮਾਮਲਾ ਦਰਜ ਕਰ ਕੇ ਉਨ੍ਹਾਂ ਦੀ ਭਾਲ 'ਚ ਛਾਪੇਮਾਰੀ ਕੀਤੀ ਜਾ ਰਹੀ ਹੈ।

ਸ਼ਰਮਨਾਕ ! ਰੱਸੀ ਨਾਲ ਬੰਨ੍ਹ ਕੇ ਮਹਿਲਾ ਨਾਲ ਛੇੜਛਾੜ

ਨੈਸ਼ਨਲ ਡੈਸਕ 6 ਅਗਸਤ। ਉੱਨਾਵ ਵਿਚ ਮਨੁੱਖਤਾ ਨੂੰ ਸ਼ਰਮਸਾਰ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਜਿਥੇ ਪਖਾਨੇ ਦੇ ਲਈ ਗਈ ਇਕ ਮਹਿਲਾ ਨੂੰ ਗੁਆਂਢੀ ਪਿੰਡ ਦੇ ਲੋਕਾਂ ਵੱਲੋਂ ਬਿਜਲੀ ਦੇ ਖੰਬੇ ਨਾਲ ਬੰਨ੍ਹ ਕੇ ਵਾਰੀ ਵਾਰੀ ਉਸ ਨਾਲ ਛੇੜਛਾੜ ਕੀਤੀ ਗਈ ਤੇ ਉਸ ਨਾਲ ਜਬਰ ਜਨਾਹ ਦੀ ਵੀ ਕੋਸ਼ਿਸ਼ ਕੀਤੀ ਗਈ। ਵੀਡੀਓ ਵਾਇਰਲ ਹੋਣ ਤੋਂ ਬਾਅਦ ਪੀੜਤਾ ਨੇ ਉੱਨਾਵ ਕਪਤਾਨ ਨੂੰ ਸ਼ਿਕਾਇਤੀ ਪੱਤਰ ਦੇ ਕੇ ਹੱਡ ਬੀਤੀ ਦੱਸੀ। ਪੂਰਾ ਮਾਮਲਾ ਜਿ਼ਲ੍ਹੇ ਦੇ ਅਚਲਗੰਜ ਥਾਣਾ ਖੇਤਰ ਦਾ ਹੈ ਜਿਥੇ ਇਕ ਮਹਿਲਾ ਨੇ ਖੁਦ ਨੂੰ ਬੰਧਕ ਬਣਾ ਕੇ ਜਬਰ ਜਨਾਹ ਦੀ ਕੋਸ਼ਿਸ਼ ਦਾ ਦੋਸ਼ ਲਾਇਆ ਹੈ। ਤਸਵੀਰਾਂ ਵਿਚ ਬਿਜਲੀ ਦੇ ਖੰਬੇ ਨਾਲ ਰੱਸੀ ਨਾਲ ਉਸ ਨੂੰ ਬੰਧਕ ਬਣਇਆ ਜਾਣਾ ਆਪਣੇ ਆਪ ਵਿਚ ਸਬੂਤ ਹੈ। ਮਹਿਲਾ ਦੇ ਮੁਤਾਬਕ ਉਸ ਦੇ ਨਾਲ ਛੇੜਖਾਨੀ ਵੀ ਕੀਤੀ ਹੈ। ਗੱਲ ਦੀ ਪੁਸ਼ਟੀ ਕਰਨ ਲਈ ਇਕ ਵੀਡੀਓ ਵੀ ਹੈ, ਜਿਸ ਉਸ ਦੇ ਦੁਪੱਟੇ ਨੂੰ ਹਟਾ ਕੇ ਵੀਡੀਓ ਬਣਾਇਆ ਗਿਆ ਹੈ ਤੇ ਇਸ ਦੌਰਾਨ ਕੁਝ ਲੋਕਾਂ ਵੱਲੋਂ ਉਸ ਦੇ ਸਰੀਰ ਨੂੰ ਛੂਹਿਆ ਜਾ ਰਿਹਾ ਹੈ। ਇਹ ਸਭ ਆਪਣੇ ਆਪ 'ਚ ਹੀ ਬਹੁਤ ਸ਼ਰਮਨਾਕ ਹੈ। ਉਸ ਨੇ ਦੱਸਿਆ ਕਿ ਪੁਲਸ ਨੇ ਉਸ ਨੂੰ ਮੁਕਤ ਤਾਂ ਕਰਵਾਇਆ ਪਰ ਮਾਮਲੇ ਦੇ ਸਬੰਧ ਵਿਚ ਕੋਈ ਕਾਰਵਾਈ ਨਹੀਂ ਕੀਤੀ। ਦੂਜੇ ਪਾਸੇ ਕਪਤਾਨ ਦੇ ਇਥੇ ਹਾਜਰੀ 'ਤੇ ਉਸ ਨੂੰ ਜਾਂਚ ਤੋਂ ਬਾਅਦ ਕਾਰਵਾਈ ਦੀ ਭਰੋਸਾ ਦਿੱਤਾ ਗਿਆ।

ਮਥੁਰਾ 'ਚ ਸੜਕ ਹਾਦਸੇ ਦੌਰਾਨ ਤਿੰਨ ਸ਼ਰਧਾਲੂਆਂ ਦੀ ਮੌਤ

ਮਥੁਰਾ 6 ਅਗਸਤ। ਉੱਤਰ ਪ੍ਰਦੇਸ਼ ਦੇ ਮਥੁਰਾ ਜਿ਼ਲ੍ਹੇ ਦੇ ਸੁਰੀਰ ਇਲਾਕੇ ਵਿਚ ਸੋਮਵਾਰ ਨੂੰ ਇਕ ਸੜਕ ਹਾਦਸੇ ਵਿਚ ਤਿੰਨ ਨੌਜਵਾਨਾਂ ਦੀ ਮੌਤ ਹੋ ਗਈ। ਤਿੰਨੋਂ ਨੌਜਵਾਨ ਵਰਿੰਦਾਵਨ ਤੋਂ ਪਰਤ ਰਹੇ ਸਨ। ਪੁਲਸ ਨੇ ਦੱਸਿਆ ਕਿ ਮਥੁਰਾ ਨੌਹਝੀਲ ਰਸਤੇ 'ਤੇ ਉਕਤ ਸਥਾਨ 'ਤੇ ਹਾਦਸਾ ਉਸ ਵੇਲੇ ਹੋਇਆ ਜਦੋਂ ਇਕ ਮੋਟਰਸਾਈਕਲ 'ਤੇ ਸਵਾਰ ਤਿੰਨੋਂ ਨੌਜਵਾਨ ਸਾਹਮਣੇਓਂ ਆ ਰਹੇ ਵਾਹਨ ਤੋਂ ਬਚਨ ਦੀ ਕੋਸ਼ਿਸ਼ ਵਿਚ ਸੜਕ ਕਿਨਾਰੇ ਖੜ੍ਹੀ ਟਰੈਕਟਰ ਟਰਾਲੀ ਨਾਲ ਟਕਰਾ ਗਏ। ਤਿੰਨਾਂ ਜਖਮੀ ਨੌਜਵਾਨਾਂ ਨੂੰ ਹਸਪਤਾਲ ਲਿਜਾਇਆ ਗਿਆ, ਜਿਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤ ਐਲਾਨ ਕਰ ਦਿੱਤਾ। ਪੁਲਸ ਜਿ਼ਲ੍ਹਾ ਅਧਿਕਾਰੀ ਮਾਂਟ ਗੁਜਨ ਸਿੰਘ ਨੇ ਦੱਸਿਆ ਕਿ ਮਾਨਕ (19), ਵੇਦ ਪ੍ਰਕਾਸ਼ (23) ਤੇ ਨਰੇਸ਼ (22) ਸੋਮਵਾਰ ਦੀ ਸਵੇਰੇ ਇਕ ਮੋਟਰਸਾਈਕਲ ਤੋਂ ਗੋਪੇਸ਼ਵਰ ਮੰਦਰ ਵਿਚ ਪਾਣੀ ਚੜ੍ਹਾਉਣ ਗਏ ਸਨ ਤੇ ਤਕਰੀਬਨ ਢਾਈ ਵਜੇ ਦੁਪਹਿਰੇ ਵਰਿੰਦਾਵਨ ਤੋਂ ਪਰਤ ਰਹੇ ਸਨ।

ਡਰੱਗਜ ਸਮੱਗਲਿੰਗ ਕਾਰਟੇਲ ਦਾ ਕੀਤਾ ਪਰਦਾਫਾਸ਼, ਕਰੋੜਾਂ ਦੀ ਹੈਰੋਇਨ ਤੇ ਡਰੱਗ ਮਨੀ ਸਣੇ 1 ਗ੍ਰਿਫ਼ਤਾਰ

ਅੰਮ੍ਰਿਤਸਰ 6 ਅਗਸਤ। ਪੰਜਾਬ ਨੂੰ ਸੁਰੱਖਿਅਤ ਬਣਾਉਣ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਕਮਿਸਨਰੇਟ ਪੁਲਸ ਨੇ ਨਸਾ ਸਮੱਗਲਿੰਗ ਕਾਰਟੇਲ ਦਾ ਪਰਦਾਫਾਸ ਕਰਦਿਆਂ ਇਕ ਨਸਾ ਸਮੱਗਲਰ ਨੂੰ ਕਾਬੂ ਕੀਤਾ ਹੈ। ਗ੍ਰਿਫ਼ਤਾਰ ਮੁਲਜਮ ਦੀ ਪਛਾਣ ਗੁਰਮੇਜ ਸਿੰਘ ਪੁੱਤਰ ਹਰਭਜਨ ਸਿੰਘ ਵਾਸੀ ਭਿੰਡੀ ਸੈਦਾਂ ਵਜੋਂ ਹੋਈ ਹੈ। ਪੁਲਸ ਨੇ ਜਾਂਚ ਦੌਰਾਨ ਉਸ ਕੋਲੋਂ ਸਾਢੇ 3 ਕਿਲੋ ਹੈਰੋਇਨ, 1 ਲੱਖ ਰੁਪਏ ਦੀ ਡਰੱਗ ਮਨੀ ਅਤੇ ਇਕ ਮੋਟਰਸਾਈਕਲ ਬਰਾਮਦ ਕੀਤਾ ਹੈ। ਪੁਲਸ ਕਮਿਸਨਰ ਰਣਜੀਤ ਸਿੰਘ ਢਿੱਲੋਂ ਨੇ ਦੱਸਿਆ ਕਿ ਇਤਲਾਹ ਦੇ ਆਧਾਰ 'ਤੇ ਕਾਰਵਾਈ ਕਰਦੇ ਹੋਏ ਡੀ.ਸੀ.ਪੀ. ਇਨਵੈਸਟੀਗੇਸਨ ਹਰਪ੍ਰੀਤ ਸਿੰਘ ਮੰਡੇਰ ਅਤੇ ਏ.ਡੀ.ਸੀ.ਪੀ. ਸਿਟੀ-2 ਅਭਿਮਨਿਊ ਰਾਣਾ ਦੀ ਅਗਵਾਈ ਹੇਠ ਥਾਣਾ ਛੇਹਰਟਾ ਮੁਖੀ ਇੰਸਪੈਕਟਰ ਰੋਬਿਨ ਹੰਸ ਦੀ ਟੀਮ ਵਲੋਂ ਮੁਲਜਮ ਨੂੰ ਕਾਬੂ ਕੀਤਾ ਗਿਆ। ਦੱਸਣਯੋਗ ਹੈ ਕਿ ਮੁਲਜਮ ਗੁਰਮੇਜ ਸਿੰਘ ਦੇ ਪਾਕਿਸਤਾਨ ਆਧਾਰਿਤ

ਨਸਾ ਸਮੱਗਲਰਾਂ ਨਾਲ ਸਿੱਧੇ ਸੰਪਰਕ ਸਾਹਮਣੇ ਆਏ ਹਨ ਅਤੇ ਉਹ ਪਾਕਿਸਤਾਨ ਤੋਂ ਨਸੀਲੇ ਪਦਾਰਥਾਂ ਦੀ ਖੇਪ ਰੁਝਾਨ ਲਈ ਡਰੋਨਾਂ ਦੀ ਵਰਤੋਂ ਵੀ ਕਰਦਾ ਸੀ। ਕਮਿਸਨਰ ਢਿੱਲੋਂ ਨੇ ਦੱਸਿਆ ਕਿ ਇਸ ਮੁਲਜਮ ਵਲੋਂ ਸਾਲ 2012 ਵਿਚ ਇਕ ਪਾਕਿਸਤਾਨੀ ਨਾਗਰਿਕ ਨੂੰ ਆਪਣੇ ਘਰ ਵਿਚ ਪਨਾਹ ਦਿੱਤੀ ਸੀ ਅਤੇ ਸਾਲ 2021 ਵਿਚ ਇਸ ਕੋਲੋਂ 15 ਕਿਲੋ ਹੈਰੋਇਨ ਬਰਾਮਦ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਮੁਲਜਮ ਦੇ ਫਾਰਵਰਡ ਅਤੇ ਬੈਕਵਾਰਡ ਲਿੰਕਾ ਨੂੰ ਖੰਗਾਲਿਆ ਜਾ ਰਿਹਾ ਹੈ।

ਪੋਲਟਰੀ ਫਾਰਮ ਤੋਂ ਸੈਂਕੜੇ ਚੂਚੇ ਚੋਰੀ ਕਰਨ ਵਾਲੀ ਔਰਤ ਖਿਲਾਫ ਮਾਮਲਾ ਦਰਜ

ਦੀਨਾਨਗਰ 6 ਅਗਸਤ। ਦੀਨਾਨਗਰ ਪੁਲਸ ਵੱਲੋਂ ਇੱਕ ਪੋਲਟਰੀ ਫਾਰਮ ਤੋਂ 243 ਚੂਚੇ ਚੋਰੀ ਕਰਨ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਇਸ ਮੌਕੇ ਗੱਲਬਾਤ ਦੌਰਾਨ ਜਾਂਚ ਅਧਿਕਾਰੀ ਰੁਪਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੀ ਸਿ਼ਕਾਇਤ ਵਿੱਚ ਦੀਪਕ ਕੁਮਾਰ ਪੁੱਤਰ ਰਮੇਸ ਚੰਦ ਵਾਸੀ ਭਰਿਆਲ ਨੇ ਦੱਸਿਆ ਕਿ ਪੋਲਟਰੀ ਫਾਰਮ ਝੰਗੀ ਸਰੂਪ ਦਾਸ ਵਿਖੇ ਨਿਗਰਾਨੀ ਦਾ ਕੰਮ ਕਰਦੀ ਇੱਕ ਔਰਤ ਨੇ ਪੋਲਟਰੀ ਫਾਰਮ ਤੋਂ ਵੱਖ-ਵੱਖ ਦਿਨਾਂ ਨੂੰ ਕੁੱਲ 243 ਚੂਚੇ ਚੋਰੀ ਕਰ ਲਏ। ਇਸ ਦੀਆਂ ਕੁੱਝ ਫੋਟੋਆਂ ਅੰਦਰ ਲੱਗੇ ਸੀ. ਸੀ. ਟੀ. ਵੀ. ਕੈਮਰੇ 'ਚ ਕੈਦ ਹੋ ਗਈਆ ਹਨ। ਇਸ ਸਬੰਧੀ ਪੁਲਸ ਵੱਲੋਂ ਜਾਂਚ-ਪੜਤਾਲ ਕਰਨ ਉਪਰੰਤ ਮੁੱਦਈ ਦੇ ਬਿਆਨਾਂ ਦੇ ਆਧਾਰ 'ਤੇ ਭਗਵਤੀ ਪਤਨੀ ਕਰਨ ਵਾਸੀ ਗਲੇਰੀਆ ਜਿ਼ਲ੍ਹਾ ਕੰਜਨਪੁਰ ਨੇਪਾਲ ਹਾਲ ਪਾਰਸਲ ਫਾਰਮ ਝੰਗੀ ਸਰੂਪ ਦਾਸ ਦੀਨਾਨਗਰ ਖਿ਼ਲਾਫ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਉਸ ਨੂੰ ਕਾਬੂ ਕਰਕੇ ਅਗਲੀ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ।

ਐਕਸਾਈਜ ਵਿਭਾਗ ਵੱਲੋਂ 2500 ਲਿਟਰ ਲਾਹਣ ਬਰਾਮਦ

ਬਟਾਲਾ/ਘੁਮਾਣ 6 ਅਗਸਤ। ਬਿਆਸ ਦਰਿਆ ਨਾਲ ਲੱਗਦੇ ਪਿੰਡਾਂ ਵਿਚ ਐਕਸਾਈਜ ਵਿਭਾਗ ਆਰ. ਕੇ. ਇੰਟਰਪ੍ਰਾਈਜਜ ਅਤੇ ਸ੍ਰੀ ਹਰਗੋਬਿੰਦਪੁਰ ਅਤੇ ਕਾਹਨੂੰਵਾਨ ਥਾਣਿਆਂ ਦੀ ਪੁਲਸ ਦੀ ਸਾਂਝੀ ਰੇਡ ਟੀਮ ਵੱਲੋਂ ਬਿਆਸ ਦਰਿਆ ਦੇ ਕੰਢੇ ਤੇ ਛਾਪੇਮਾਰੀ ਕਰਦਿਆਂ 2500 ਲਿਟਰ ਲਾਹਣ ਬਰਾਮਦ ਕੀਤੀ ਗਈ। ਸਰਕਲ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਆਰ. ਕੇ. ਇੰਟਰਪ੍ਰਾਈਜਜ ਦੇ ਜੀ. ਐੱਮ. ਗੁਰਪ੍ਰੀਤ ਗੋਪੀ ਉੱਪਲ ਨੇ ਦਸਿਆ ਕਿ ਰੇਡ ਟੀਮ ਨੂੰ ਮਿਲੀ ਇਸ ਵੱਡੀ ਕਾਮਯਾਬੀ 'ਤੇ ਐਕਸਾਈਜ ਵਿਭਾਗ ਦੇ ਸਹਾਇਕ ਕਮਿਸਨਰ ਗੁਰਦਾਸਪੁਰ ਹਨੂੰਵੰਤ ਸਿੰਘ ਅਤੇ ਐੱਸ. ਐੱਸ. ਪੀ. ਬਟਾਲਾ ਵੱਲੋਂ ਰੇਡ ਟੀਮ ਨੂੰ ਨਿਰਦੇਸ ਦਿੱਤੇ ਗਏ ਕਿ ਹਰ ਪਿੰਡ ਵਿਚ ਤਲਾਸੀ ਦੌਰਾਨ ਸਰਾਬ ਦਾ ਨਾਜਾਇਜ ਧੰਦਾ ਸਖਤੀ ਨਾਲ ਬੰਦ ਕਰਵਾਇਆ ਜਾਵੇ। ਜਿਸ ਤਹਿਤ ਐਕਸਾਈਜ ਵਿਭਾਗ ਦੇ ਈ. ਟੀ. ਓ. ਅਮਨਬੀਰ ਸਿੰਘ, ਐਕਸਾਈਜ ਇੰਸਪੈਕਟਰ ਬਿਕਰਮਜੀਤ ਸਿੰਘ ਭੁੱਲਰ,

ਈ. ਟੀ. ਓ. ਹੇਮੰਤ ਸਰਮਾ ਦੀ ਨਿਗਰਾਨੀ ਹੇਠ ਐਕਸਾਈਜ ਇੰਸਪੈਕਟਰ ਅਮਰੀਕ ਸਿੰਘ, ਏ. ਐੱਸ. ਆਈ. ਬਲਵਿੰਦਰ ਸਿੰਘ, ਥਾਣੇਦਾਰ ਨਵਦੀਪ ਸਿੰਘ, ਹੌਲਦਾਰ ਪਰਗਟ ਸਿੰਘ, ਸਿਪਾਹੀ ਮਨਦੀਪ ਸਿੰਘ, ਸਰਕਲ ਇੰਚਾਰਜ ਸਾਬੀ ਅਤੇ ਅਧਾਰਿਤ ਸਾਂਝੀ ਰੇਡ ਟੀਮ ਵੱਲੋਂ ਸਰਕਲ ਦੇ ਨਾਲ ਲੱਗਦੇ ਪਿੰਡਾਂ ਭੇਟ ਪਤਨ, ਕਠਾਣਾ, ਰਜੋਆ, ਮੋਜਪੁਰ, ਬੁੱਢਾ ਬਾਲਾ ਵਿੱਚ ਤਲਾਸੀ ਅਭਿਆਨ ਤੇਜ ਕੀਤਾ ਹੋਇਆ ਸੀ, ਫਿਰ ਕਿਸੇ ਮੁਖਬਰ ਦੀ ਇਤਲਾਹ 'ਤੇ ਪਿੰਡ ਕਠਾਣਾ ਅਤੇ ਬੁੱਢਾ ਬਾਲਾ ਬਿਆਸ ਦਰਿਆ ਦੇ ਬਰੇਤੇ ਵਿੱਚੋਂ 3 ਪਲਾਸਟਿਕ ਦੇ ਕੈਨ, 2 ਪੀਪਿਆਂ ਅਤੇ 6 ਤਰਪਾਲਾਂ ਵਿਚੋਂ 2500 ਲਿਟਰ ਲਾਹਣ ਬਰਾਮਦ ਕੀਤੀ ਗਈ। ਜਿਸ ਨੂੰ ਬਾਅਦ ਵਿਚ ਐਕਸਾਈਜ ਦੀ ਸਾਂਝੀ ਰੇਡ ਟੀਮ ਵੱਲੋਂ ਮੌਕੇ 'ਤੇ ਹੀ ਨਸਟ ਕਰ ਦਿੱਤਾ ਗਿਆ। ਇਸ ਮੌਕੇ ਦਲਜੀਤ, ਹਰਜੀਤ, ਬਲਜੀਤ, ਮਾਸਟਰ, ਖਹਿਰਾ, ਪੱਪੀ, ਅਜੇ, ਮਾਨ ਸਿੰਘ, ਬਲਵਿੰਦਰ ਸਿੰਘ, ਕਾਲਾ, ਖਹਿੜਾ, ਸੋਨੂੰ, ਖੰਡੋ ਆਦਿ ਹਾਜਰ ਸਨ।

ਦਰਿੰਦਗੀ ਦੀਆਂ ਹੱਦਾਂ ਪਾਰ, 2 ਬੱਚਿਆਂ ਦੇ ਪਿਓ ਨੇ ਢਾਈ ਸਾਲਾ ਮਾਸੂਮ ਨੂੰ ਬਣਾਇਆ ਹਵਸ ਦਾ ਸ਼ਿਕਾਰ

ਪਾਇਲ 6 ਅਗਸਤ। ਪਾਇਲ ਸਬ ਡਿਵੀਜਨ ਅਧੀਨ ਪੈਂਦੇ ਥਾਣਾ ਮਲੌਦ ਦੇ ਇੱਕ ਪਿੰਡ ਤੋਂ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ 28 ਸਾਲਾ ਵਿਆਹੁਤਾ ਪ੍ਰਵਾਸੀ ਨੌਜਵਾਨ ਨੇ ਢਾਈ ਸਾਲ ਦੀ ਮਾਸੂਮ ਬੱਚੀ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਹੈ। ਜਿ਼ਕਰਯੋਗ ਹੈ ਕਿ ਮੁਲਜਮ ਖੁਦ ਦੋ ਮਾਸੂਮ ਬੱਚਿਆਂ ਦਾ ਪਿਤਾ ਹੈ। ਇਸ ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਮਲੌਦ ਦੀ ਐੱਸ.ਆਈ. ਰਾਜਵੰਤ ਕੌਰ ਨੇ ਪੁਲਸ ਕੋਲ ਦਰਜ ਕਰਵਾਏ ਬਿਆਨਾਂ 'ਚ ਢਾਈ ਸਾਲਾ ਮਾਸੂਮ ਬੱਚੀ ਦੀ ਮਾਂ ਨੇ ਦੱਸਿਆ ਹੈ ਕਿ ਉਹ ਸਰਕਾਰੀਆ ਥਾਣਾ ਸੂਰੀਰ ਤਹਿਸੀਲ ਮਾਟ ਜਿ਼ਲ੍ਹਾ ਮਥੁਰਾ (ਯੂ.ਪੀ.) ਦੀ ਰਹਿਣ ਵਾਲੀ ਹੈ ਅਤੇ 2 ਅਗਸਤ ਨੂੰ ਸਵੇਰੇ 9 ਵਜੇ ਕਰੀਬ ਘਰ ਵਿੱਚ ਇਸਨਾਨ ਕਰ ਰਹੀ ਸੀ। ਇਸ ਦੌਰਾਨ ਉਸ ਦੀ ਲੜਕੀ ਘਰ ਦੇ ਬਾਹਰ ਖੇਡ ਰਹੀ ਸੀ। ਜਦੋਂ ਉਹ ਇਸਨਾਨ ਕਰ ਕੇ ਬਾਹਰ ਆਈ ਤਾਂ ਉਸ ਨੇ ਦੇਖਿਆ ਕਿ ਉਸ ਦੀ ਮਾਸੂਮ ਬੱਚੀ ਘਰ ਨਹੀਂ ਸੀ, ਇਸ ਲਈ ਉਸ ਦੀ ਆਲੇ-ਦੁਆਲੇ ਭਾਲ ਕੀਤੀ ਗਈ ਪਰ ਉਹ ਕਿਧਰੇ ਨਹੀਂ ਮਿਲੀ। ਉਸ ਨੇ ਦੱਸਿਆ ਕਿ ਬੱਚੇ ਕਈ ਵਾਰ ਉਨ੍ਹਾਂ ਦੇ ਗੁਆਂਢੀ ਸੈਲੇਸ ਯਾਦਵ ਉਰਫ ਕਾਲੂ ਪੁੱਤਰ ਭੂਰਾ ਯਾਦਵ ਵਾਸੀ ਬਿਦੂਨੀ



ਥਾਣਾ ਸੋਰੋ ਜਿ਼ਲ੍ਹਾ ਕਾਸਗੰਜ (ਯੂ.ਪੀ.) ਦੇ ਘਰ ਖੇਡਣ ਲਈ ਜਾਂਦੇ ਸਨ। ਜਦੋਂ ਉਹ ਸੈਲੇਸ ਯਾਦਵ ਉਰਫ ਕਾਲੂ ਦੇ ਘਰ ਬੱਚੀ ਦਾ ਪਤਾ ਕਰਨ ਗਈ ਤਾਂ ਸੈਲੇਸ ਉਰਫ ਸੁਲੇਖ ਨੇ ਉਸ ਨੂੰ ਬੋਲਣਾ ਸੁਰੂ ਕਰ ਦਿੱਤਾ। ਇਸ ਦੌਰਾਨ ਉਸ ਦੀ ਧੀ ਰੋਂਦੀ ਹੋਈ ਉਸ ਦੇ ਕਮਰੇ ਦੇ ਅੰਦਰੋਂ ਬਾਹਰ ਆਈ, ਜੋ ਕਿ

ਰੇਲਵੇ ਵਿਭਾਗ ਨੇ ਚਲਾਈ ਸਪੈਸ਼ਲ ਚੈਕਿੰਗ ਡਰਾਈਵ, 6 ਨਾਜਾਇਜ ਵੈਂਡਰ ਕੀਤੇ ਕਾਬੂ

ਜਲੰਧਰ 6 ਅਗਸਤ। ਰੇਲਵੇ ਵਿਭਾਗ ਵੱਲੋਂ ਵੱਖ-ਵੱਖ ਟਰੇਨਾਂ ਵਿਚ ਚੈਕਿੰਗ ਡਰਾਈਵ ਚਲਾਉਂਦੇ ਹੋਏ 6 ਨਾਜਾਇਜ ਵੈਂਡਰ ਕਾਬੂ ਕੀਤੇ ਗਏ। ਬਿਨਾਂ ਟਿਕਟ ਯਾਤਰਾ ਕਰਨ ਵਾਲਿਆਂ ਤੋਂ 37 ਹਜਾਰ ਰੁਪਏ ਜੁਰਮਾਨਾ ਵਸੂਲਿਆ ਗਿਆ ਅਤੇ ਯੂ.ਟੀ.ਐੱਸ. ਮੋਬਾਈਲ ਐਪ ਬਾਰੇ ਜਾਗਰੂਕਤਾ ਫੈਲਾਈ ਗਈ। ਜਲੰਧਰ ਦੇ ਸੀ.ਐੱਮ.ਆਈ. ਰਾਜੇਸ਼ ਧੀਮਾਨ ਤੇ ਨਿਤੀਸ਼ ਸ਼ਰਮਾ ਦੀ ਅਗਵਾਈ ਵਿਚ ਇਸ ਕਾਰਵਾਈ ਨੂੰ ਅੰਜਾਮ ਦਿੱਤਾ ਗਿਆ। ਰੇਲ ਯਾਤਰੀਆਂ ਨੂੰ ਉੱਚ ਗੁਣਵੱਤਾ ਵਾਲਾ ਖਾਣ-ਪੀਣ ਦਾ ਸਾਮਾਨ ਮੁਹੱਈਆ ਕਰਵਾਉਣ ਲਈ ਰੇਲਵੇ ਵੱਲੋਂ ਚਲਾਈ ਜਾ ਰਹੀ ਮੁਹਿੰਮ ਤਹਿਤ ਅੰਮ੍ਰਿਤਸਰ ਤੋਂ ਨੰਗਲ ਵਿਚਕਾਰ ਚੱਲਣ ਵਾਲੀ ਟਰੇਨ ਨੰਬਰ 14506 ਵਿਚ ਰੇਡ ਕੀਤੀ ਗਈ। ਇਸ ਦੌਰਾਨ 6 ਨਾਜਾਇਜ ਵੈਂਡਰਾਂ ਨੂੰ ਕਾਬੂ ਕਰ ਕੇ ਆਰ.ਪੀ.ਐੱਫ. ਦੇ ਹਵਾਲੇ ਕਰ ਦਿੱਤਾ ਗਿਆ, ਜਿਨ੍ਹਾਂ ਖਿ?ਲਾਫ ਰੇਲਵੇ ਐਕਟ ਦੀ ਧਾਰਾ 144 ਤਹਿਤ ਕਾਰਵਾਈ ਸ਼ੁਰੂ ਹੋ ਗਈ ਹੈ। ਸੀਨੀਅਰ ਡਵੀਜਨਲ ਕਮਰਸੀਅਲ ਮੈਨੇਜਰ ਪਰਮਦੀਪ ਸਿੰਘ ਸੈਣੀ ਦੇ ਦਿਸਾ-ਨਿਰਦੇਸਾਂ 'ਤੇ ਚਲਾਈ ਗਈ ਮੁਹਿੰਮ ਦੌਰਾਨ ਟਿਕਟ ਚੈਕਿੰਗ ਸਟਾਫ ਸਮੇਤ ਆਰ.ਪੀ.ਐੱਫ. ਦੇ ਜਵਾਨ ਸੁਰੱਖਿਆ ਲਈ ਮੌਜੂਦ ਸਨ। ਟਿਕਟ ਚੈਕਿੰਗ ਸਟਾਫ ਨੇ ਵੱਖ-ਵੱਖ ਟਰੇਨਾਂ ਦੇ ਇਕਾਨਮੀ ਐੱਸ.ਸੀ., ਸਲੀਪਰ, ਚੇਅਰ-ਕਾਰ, ਸੈਕਿੰਡ ਸਿਟਿੰਗ ਤੇ ਜਨਰਲ ਕੋਚਾਂ ਵਿਚ ਟਿਕਟਾਂ ਦੀ ਚੈਕਿੰਗ ਕੀਤੀ। ਇਸ ਦੌਰਾਨ 65 ਰੇਲਵੇ ਯਾਤਰੀਆਂ ਤੋਂ ਲਗਭਗ 37 ਹਜਾਰ ਰੁਪਏ ਦਾ ਜੁਰਮਾਨਾ ਵਸੂਲਿਆ ਗਿਆ। ਜਿਹੜੇ ਯਾਤਰੀਆਂ ਕੋਲ ਨਕਦੀ ਉਪਲੱਬਧ ਨਹੀਂ ਸੀ, ਉਨ੍ਹਾਂ ਕੋਲੋਂ ਕਿਊ.ਆਰ. ਕੋਡ ਰਾਹੀਂ ਆਨਲਾਈਨ ਪੇਮੈਂਟ ਵਸੂਲੀ ਗਈ। ਅਧਿਕਾਰੀਆਂ ਨੇ ਕਿਹਾ ਕਿ ਕਈ ਯਾਤਰੀਆਂ ਦੇ ਮੋਬਾਈਲਾਂ 'ਚ ਯੂ.ਟੀ.ਐੱਸ. ਮੋਬਾਈਲ ਐਪ ਇੰਸਟਾਲ ਕਰਵਾਇਆ ਗਿਆ। ਟਰੇਨਾਂ ਦੀ ਚੈਕਿੰਗ ਦੌਰਾਨ ਸਟਾਫ ਵੱਲੋਂ ਯੂ.ਟੀ.ਐੱਸ. (ਅਨ-ਰਿਜਰਵਡ ਟਿਕਟਿੰਗ ਸਿਸਟਮ) ਐਪ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੋਬਾਈਲ ਐਪ ਰਾਹੀਂ ਟਰੇਨ ਦੇ ਜਨਰਲ (ਅਨ-ਰਿਜਰਵਡ) ਡੱਬਿਆਂ ਵਿਚ ਸਫਰ ਕਰਨ ਵਾਲੇ ਲੋਕ ਘਰ ਬੈਠੇ ਹੀ ਟਿਕਟਾਂ ਬੁੱਕ ਕਰਵਾ ਸਕਦੇ ਹਨ।

ਲੁੱਟਖੋਹ ਦੀਆਂ ਵਾਰਦਾਤਾਂ ਨਾਲ ਕੰਬ ਰਿਹਾ ਜਲੰਧਰ, ਮੰਦਿਰ ਜਾ ਰਹੇ ਪੁਜਾਰੀ ਨੂੰ ਪਾ ਲਿਆ ਘੇਰਾ

ਜਲੰਧਰ 6 ਅਗਸਤ। ਲਗਾਤਾਰ ਹੋ ਰਹੀਆਂ ਲੁੱਟਖੋਹ ਦੀਆਂ ਵਾਰਦਾਤਾਂ ਨਾਲ ਜਲੰਧਰ ਕੰਬ ਰਿਹਾ ਹੈ। ਪੁਲਸ ਵਿਭਾਗ ਲੁਟੇਰਿਆਂ ਦੇ ਅੱਗੇ ਨਾਕਾਮ ਸਾਬਤ ਹੁੰਦਾ ਨਜਰ ਆ ਰਿਹਾ ਹੈ। ਪੁਰਾਣੀਆਂ ਵਾਰਦਾਤਾਂ ਨੂੰ ਟਰੇਸ ਕਰਨਾ ਤਾਂ ਦੂਰ ਨਵੀਆਂ ਹੋ ਰਹੀਆਂ ਲੁੱਟ ਦੀਆਂ ਵਾਰਦਾਤਾਂ ਸ਼ਹਿਰ ਦੀ ਸੁਰੱਖਿਆ ਪ੍ਰਣਾਲੀ ਨੂੰ ਮੂੰਹ ਚਿੜਾ ਰਹੀਆਂ ਹਨ। ਲਾਅ ਐਂਡ ਆਰਡਰ ਦੀ ਸਥਿਤੀ ਨੂੰ ਫੇਲ ਸਾਬਤ ਕਰਦਿਆਂ ਅਮਨ ਨਗਰ ਵਿਚ ਸ਼ੁੱਕਰਵਾਰ ਤੜਕੇ ਬਾਈਕ 'ਤੇ ਆਏ 3 ਲੁਟੇਰਿਆਂ ਨੇ ਮੰਦਰ ਜਾ ਰਹੇ ਪੁਜਾਰੀ ਨੂੰ ਲੁੱਟਣ ਲਈ ਘੇਰ ਲਿਆ। ਪੁਜਾਰੀ ਨੇ ਰੌਲਾ ਪਾਇਆ ਤਾਂ ਲੁਟੇਰਿਆਂ ਨੇ ਉਸ 'ਤੇ ਤੇਜਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ। ਜਾਣਕਾਰੀ ਦਿੰਦਿਆਂ ਅਮਨ ਨਗਰ ਵਿਚ ਹੀ ਸਥਿਤ ਪ੍ਰਾਚੀਨ ਸ਼ਿਵ ਦੁਰਗਾ ਮੰਦਿਰ ਦੇ ਪੁਜਾਰੀ ਚੰਦਰ ਪ੍ਰਕਾਸ਼ ਪੁੱਤਰ ਬ੍ਰਿਜ ਕਿਸ਼ੋਰ ਨਿਵਾਸੀ ਨਿਊ ਗੋਬਿੰਦ ਨਗਰ ਨੇ ਦੱਸਿਆ ਕਿ ਉਹ ਸ਼ੁੱਕਰਵਾਰ ਤੜਕੇ 5 ਵਜੇ ਰੋਜਾਨਾ ਵਾਂਗ ਮੰਦਿਰ ਪਹੁੰਚ ਗਏ ਸਨ। ਸਾਫ-ਸਫਾਈ ਕਰਨ ਤੋਂ ਬਾਅਦ ਕੂੜਾ-ਕਰਕਟ ਸੁੱਟਣ ਲਈ ਉਹ ਕੁਝ ਦੂਰੀ 'ਤੇ ਗਏ ਸਨ। ਵਾਪਸ ਆਉਂਦੇ ਹੋਏ ਮੰਦਰ ਦੇ ਨੇੜੇ ਪਹੁੰਚੇ ਹੀ ਸਨ ਕਿ ਪਿੱਛਿਓਂ ਬਾਈਕ ਸਵਾਰ 3 ਨੌਜਵਾਨਾਂ ਨੇ ਉਨ੍ਹਾਂ ਦੀ ਐਕਟਿਵਾ ਨੂੰ ਓਵਰਟੇਕ ਕਰਕੇ ਆਪਣੀ ਬਾਈਕ ਅੱਗੇ



ਲਾ ਦਿੱਤੀ ਅਤੇ ਐਕਟਿਵਾ ਦੀ ਚਾਬੀ ਕੱਢ ਲਈ। ਤਿੰਨਾਂ ਲੁਟੇਰਿਆਂ ਨੇ ਪੁਜਾਰੀ ਨੂੰ ਜੋ ਕੁਝ ਵੀ ਉਸ ਕੋਲ ਹੈ, ਸਭ ਕੱਢਣ ਨੂੰ ਕਿਹਾ। ਇਸੇ ਦੌਰਾਨ ਉਥੋਂ ਇਕ ਸਾਈਕਲ ਸਵਾਰ ਵਿਅਕਤੀ ਲੰਘਿਆ, ਜਿਸ ਨੂੰ ਰੋਕ ਕੇ ਲੁਟੇਰਿਆਂ ਨੇ ਉਸ ਨੂੰ ਵੀ ਧਮਕਾਇਆ ਪਰ ਉਹ ਆਪਣਾ ਸਾਈਕਲ ਛੱਡ ਕੇ ਗਲੀ ਵਿਚ ਭੱਜ ਗਿਆ ਅਤੇ ਉਸ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਪੁਜਾਰੀ ਨੇ ਵੀ ਮਦਦ ਲਈ ਰੌਲਾ ਪਾਇਆ ਤਾਂ ਇਕ ਲੁਟੇਰੇ ਨੇ ਚਾਕੂ ਕੱਢ ਲਿਆ, ਜਦਕਿ ਦੂਜੇ ਨੇ ਦਾਤਰ। ਪੁਜਾਰੀ ਫਿਰ ਵੀ ਰੌਲਾ ਪਾਉਂਦਾ ਰਿਹਾ। ਇਕ ਲੁਟੇਰੇ ਨੇ ਪੁਜਾਰੀ ਦੀ ਬਾਂਹ 'ਤੇ ਤੇਜਧਾਰ ਹਥਿਆਰ ਮਾਰਿਆ ਅਤੇ ਫਰਾਰ ਹੋ ਗਏ, ਹਾਲਾਂਕਿ ਪੁਜਾਰੀ ਦੇ ਰੌਲਾ ਪਾਉਣ 'ਤੇ ਲੁਟੇਰੇ ਉਸ ਕੋਲੋਂ ਕੁਝ ਲੁੱਟ ਨਹੀਂ ਸਕੇ। ਇਸ ਸਬੰਧੀ ਥਾਣਾ ਨੰਬਰ 8 ਦੀ ਪੁਲਸ ਨੂੰ ਸ਼ਿਕਾਇਤ ਦਿੱਤੀ ਗਈ ਹੈ। ਇਹ ਸਾਰੀ ਘਟਨਾ ਸੀ. ਸੀ. ਟੀ. ਵੀ. ਫੁਟੇਜ ਵਿਚ ਕੈਦ ਹੋ ਗਈ ਹੈ, ਜਿਸ ਵਿਚ ਲੁਟੇਰੇ ਪੁਜਾਰੀ ਦਾ ਪਿੱਛਾ ਕਰਦੇ ਦਿਖਾਈ ਦੇ ਰਹੇ ਹਨ ਅਤੇ ਫਿਰ ਭੱਜਦੇ ਵੀ ਵਿਖਾਈ ਦਿੱਤੇ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ। ਪਠਾਨਕੋਟ ਚੌਂਕ ਵਿਚ ਆਪਣੇ ਪਤੀ ਅਤੇ ਧੀ ਨਾਲ ਸ਼ਾਪਿੰਗ ਕਰਕੇ ਮੁੜ ਰਹੀ ਔਰਤ ਕੋਲੋਂ ਬਾਈਕ ਸਵਾਰ ਇਕ ਲੁਟੇਰਾ ਪਰਸ ਲੁੱਟ ਕੇ ਫਰਾਰ ਹੋ ਗਿਆ। ਹੈਰਾਨੀ ਦੀ ਗੱਲ ਹੈ ਕਿ ਵਾਰਦਾਤ ਸਮੇਂ ਪਠਾਨਕੋਟ ਚੌਂਕ ਵਿਚ 8 ਪੁਲਸ ਮੁਲਾਜਮ ਨਾਕੇ 'ਤੇ ਤਾਇਨਾਤ ਸਨ, ਫਿਰ ਵੀ ਲੁਟੇਰਾ ਭੱਜਣ ਵਿਚ ਕਾਮਯਾਬ ਹੋ ਗਿਆ। ਜਾਣਕਾਰੀ ਦਿੰਦਿਆਂ ਕੁਲਜੀਤ ਕੌਰ ਨਿਵਾਸੀ ਪੰਜਾਬੀ ਬਾਗ ਨੇ ਦੱਸਿਆ ਕਿ ਉਹ ਆਪਣੇ ਪਤੀ ਸੁਰਜੀਤ ਸਿੰਘ ਅਤੇ ਧੀ ਨਾਲ ਬਾਜਾਰ ਵਿਚ ਖਰੀਦਦਾਰੀ ਕਰਨ ਗਈ ਸੀ। ਖਰੀਦਦਾਰੀ ਕਰਕੇ ਉਹ ਤਿੰਨੋਂ ਈ-ਰਿਕਸ਼ਾ ਵਿਚ ਘਰ ਮੁੜ ਰਹੇ ਸਨ। ਜਿਉਂ ਹੀ ਉਨ੍ਹਾਂ ਦਾ ਈ-ਰਿਕਸ਼ਾ ਪਠਾਨਕੋਟ ਚੌਂਕ ਵਿਚ ਪੁੱਜਾ ਤਾਂ ਇਕ ਲਾਲ ਰੰਗ ਦੇ ਪਲਸਰ ਬਾਈਕ ਸਵਾਰ ਨੌਜਵਾਨ ਨੇ ਪਤੀ ਅਤੇ ਧੀ ਦੇ ਵਿਚਕਾਰ ਬੈਠੀ ਕੁਲਜੀਤ ਕੌਰ ਦੇ ਹੱਥ ਵਿਚੋਂ ਪਰਸ ਝਪਟਿਆ ਅਤੇ ਵੇਖਦੇ ਹੀ ਵੇਖਦੇ ਬਾਈਕ 'ਤੇ ਫਰਾਰ ਹੋ ਗਿਆ। ਉਨ੍ਹਾਂ ਰੌਲਾ ਪਾਇਆ ਤਾਂ ਨਾਕੇ 'ਤੇ ਖੜ੍ਹੀ ਪੁਲਸ ਟੀਮ ਨੂੰ ਵੀ ਸੂਚਨਾ ਦਿੱਤੀ ਪਰ ਲੁਟੇਰਾ ਭੱਜਣ ਵਿਚ ਕਾਮਯਾਬ ਹੋ ਗਿਆ। ਕੁਲਜੀਤ ਕੌਰ ਨੇ ਕਿਹਾ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਵਾਪਸ ਘਰ ਜਾਂਦੇ ਹੋਏ ਉਨ੍ਹਾਂ ਦੀ ਧੀ ਇਕ ਮੰਦਰ ਵਿਚ ਮੱਥਾ ਟੇਕਣ ਲਈ ਰੁਕੀ ਸੀ ਅਤੇ ਉਦੋਂ ਉਨ੍ਹਾਂ ਪਰਸ ਵਿਚੋਂ ਕੁਝ ਪੈਸੇ ਕੱਢ ਕੇ ਆਪਣੀ ਧੀ ਨੂੰ ਦਿੱਤੇ ਸਨ। ਸ਼ੱਕ ਹੈ ਕਿ ਉਥੋਂ ਹੀ ਲੁਟੇਰਾ ਉਨ੍ਹਾਂ ਦੇ ਪਿੱਛੇ ਲੱਗ ਗਿਆ। ਪਰਸ ਵਿਚ 22 ਹਜਾਰ ਰੁਪਏ, ਆਧਾਰ ਕਾਰਡ, ਏ. ਟੀ. ਐੱਮ. ਕਾਰਡ ਅਤੇ ਹੋਰ ਜਰੂਰੀ ਦਸਤਾਵੇਜ ਸਨ।

ਨਸ਼ਾ ਤਸਕਰ ਖਿਲਾਫ ਵੱਡੀ ਕਾਰਵਾਈ, 23.50 ਲੱਖ ਰੁਪਏ ਦੀ ਪ੍ਰਾਪਰਟੀ ਅਟੈਚ

ਲੁਧਿਆਣਾ 6 ਅਗਸਤ। ਏ. ਡੀ. ਸੀ. ਪੀ. ਜ਼ੋਨ-4 ਪ੍ਰਭਜੋਤ ਸਿੰਘ ਵਿਰਕ, ਏ. ਸੀ. ਪੀ. ਇੰਸਟ੍ਰੀਅਲ ਏਰੀਆ-ਏ ਜਸਬਿੰਦਰ ਸਿੰਘ, ਥਾਣਾ ਜਮਾਲਪੁਰ ਦੇ ਐੱਸ. ਐੱਚ. ਓ. ਜਗਦੀਪ ਸਿੰਘ ਦੀ ਅਗਵਾਈ 'ਚ ਥਾਣਾ ਜਮਾਲਪੁਰ ਦੀ ਪੁਲਸ ਨੇ ਨਸ਼ਾ ਸਮੱਗਲਰ ਸੁਖਬੀਰ ਸਿੰਘ ਉਰਫ ਗੋਲਡੀ ਪੁੱਤਰ ਬਲਰਾਜ ਸਿੰਘ ਨਿਵਾਸੀ ਪਿੰਡ ਜੰਡਿਆਲੀ ਦੇ 100 ਵਰਗ ਗਜ ਦੇ ਮਕਾਨ (ਕੀਮਤ 23.50 ਲੱਖ) ਨੂੰ ਕੇਸ 'ਚ ਅਟੈਚ ਕਰਵਾਇਆ। ਗੌਰ ਹੋਵੇ ਕਿ ਮੁਲਜ਼ਮ ਖਿ?ਲਾਫ 26 ਅਗਸਤ 2023 ਨੂੰ ਥਾਣਾ ਜਮਾਲਪੁਰ ਦੀ ਪੁਲਸ ਨੇ 530 ਗ੍ਰਾਮ ਹੈਰੋਇਨ, ਇਨੋਵਾ ਕਾਰ ਅਤੇ 24 ਹਜ਼ਾਰ 700 ਰੁਪਏ ਡਰੱਗ ਮਨੀ ਬਰਾਮਦ ਕੀਤੀ ਸੀ। ਇਸ ਦੌਰਾਨ ਪੁਲਸ ਨੇ ਨਸ਼ਾ ਸਮੱਗਲਰ ਖਿਲਾਫ ਕਾਰਵਾਈ ਕਰਦੇ ਹੋਏ ਉਸ ਦੀ ਜਾਇਦਾਦ ਨੂੰ ਐੱਨ. ਡੀ. ਪੀ. ਐੱਸ. ਐਕਟ 1985 ਦੇ ਤਹਿਤ ਦਿੱਲੀ ਤੋਂ ਫ੍ਰੀਜ਼ ਕਰਵਾਈ ਹੈ। ਏ. ਸੀ. ਪੀ. ਜਸਬਿੰਦਰ ਸਿੰਘ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ 'ਚ ਨਸ਼ਾ ਸਮੱਗਲਰਾਂ 'ਤੇ ਹੋਰ ਜ਼ਿਆਦਾ ਸਖਤੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਹੋਰ

ਵੀ ਕਈ ਸਮੱਗਲਰਾਂ ਦੀ ਪ੍ਰਾਪਰਟੀ ਕੇਸ ਨਾਲ ਅਟੈਚ ਕਰਨ ਲਈ ਦਿੱਲੀ ਹੈੱਡ ਕੁਆਰਟਰ 'ਚ ਫਾਈਲਾਂ ਭੇਜੀਆਂ ਗਈਆਂ ਹਨ। ਆਉਣ ਵਾਲੇ ਦਿਨਾਂ 'ਚ ਇਨ੍ਹਾਂ ਦੀਆਂ ਜਾਇਦਾਦਾਂ ਵੀ ਨੱਥੀ ਕੀਤੀਆਂ ਜਾਣਗੀਆਂ। ਉਨ੍ਹਾਂ ਨੇ ਨਸ਼ਾ ਸਮੱਗਲਰਾਂ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਉਹ ਆਪਣੀਆਂ ਹਰਕਤਾਂ ਤੋਂ ਬਾਜ ਨਾ ਆਏ ਅਤੇ ਨਸ਼ਾ ਸਮੱਗਲਿੰਗ ਬੰਦ ਨਾ ਕੀਤੀ ਤਾਂ ਉਨ੍ਹਾਂ 'ਤੇ ਕਾਨੂੰਨ ਮੁਤਾਬਕ ਸਖਤ ਐਕਸ਼ਨ ਲਿਆ ਜਾਵੇਗਾ।

ਵਾਰਡਨ ਨੇ ਡੰਡੇ ਨਾਲ ਕੀਤੀ ਵਿਦਿਆਰਥਣਾਂ ਦੀ ਕੁੱਟਮਾਰ, ਕਾਰਵਾਈ ਦੀ ਮੰਗ

ਨੈਸ਼ਨਲ ਡੈਸਕ 6 ਅਗਸਤ। ਗੋਰਖਪੁਰ ਦੇ ਖਜਨੀ ਖੇਤਰ ਸਥਿਤ ਕਸਤੂਰਬਾ ਗਾਂਧੀ ਸਕੂਲ ਦੇ ਹੋਸਟਲ 'ਚ ਵਾਰਡਨ ਵਲੋਂ ਵਿਦਿਆਰਥਣਾਂ ਦੀ ਕੁੱਟਮਾਰ ਦਾ ਵੀਡੀਓ ਸਾਹਮਣੇ ਆਇਆ ਹੈ। ਇਸ ਵੀਡੀਓ 'ਚ ਵਾਰਡਨ ਜੋ ਕਿ ਅਰਚਨਾ ਪਾਂਡੇ ਹੈ, ਵਿਦਿਆਰਥਣਾਂ ਨੂੰ ਬੁਰੀ ਤਰ੍ਹਾਂ ਕੁੱਟਦੀ ਨਜਰ ਆ ਰਹੀ ਹੈ। ਵਿਦਿਆਰਥਣਾਂ ਰੋ ਰਹੀਆਂ ਹਨ ਪਰ ਵਾਰਡਨ ਪਰਵਾਹ ਨਹੀਂ ਕਰ ਰਹੀ ਅਤੇ ਸਾਰੀਆਂ ਵਿਦਿਆਰਥਣਾਂ ਨੂੰ ਕੁੱਟ ਰਹੀ ਹੈ। ਵੀਡੀਓ ਵਾਇਰਲ ਹੋਣ ਤੋਂ ਬਾਅਦ ਬੇਸਿਕ ਸਿੱਖਿਆ ਅਧਿਕਾਰੀ (ਬੀ.ਐੱਸ.ਏ.) ਰਮੇਂਦਰ ਸਿੰਘ ਨੇ ਇਸ ਘਟਨਾ ਦੀ ਜਾਂਚ ਦੇ ਆਦੇਸ਼ ਦੇ ਦਿੱਤੇ ਹਨ। ਕੁੱਟਮਾਰ ਕਾਰਨ ਵਿਦਿਆਰਥਣਾਂ ਦੇ ਸਰੀਰ 'ਚ ਜਖਮ ਹੋ ਗਏ ਹਨ ਅਤੇ ਉਹ ਬੁਰੀ ਤਰ੍ਹਾਂ ਜਖਮੀ ਹੋ ਗਈਆਂ ਹਨ। ਇਹ ਘਟਨਾ 2 ਅਗਸਤ 2024 ਦੀ ਦੱਸੀ ਜਾ ਰਹੀ ਹੈ। ਜਦੋਂ ਖਜਨੀ ਥਾਣੇ ਦੇ ਸ਼ੈਲੇਂਦਰ ਕੁਮਾਰ ਨੇ ਵਾਰਡਨ ਅਰਚਨਾ ਤੋਂ ਪੁੱਛ-ਗਿੱਛ ਕੀਤੀ ਤਾਂ ਉਸ ਨੇ ਖੁਦ ਨੂੰ ਨਿਰਦੋਸ਼ ਦੱਸਿਆ। ਥਾਣੇਦਾਰ ਨੇ ਕਿਹਾ ਕਿ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਗਿਆ ਹੈ ਅਤੇ ਜਾਂਚ ਜਾਰੀ ਹੈ। ਜਾਂਚ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ। ਬੀ.ਐੱਸ.ਏ. ਤੋਂ ਇਸ ਮਾਮਲੇ 'ਤੇ ਕੈਮਰੇ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਉਨ੍ਹਾਂ ਨੇ ਸਿਰਫ ਫੋਨ 'ਤੇ ਹੀ ਜਾਣਕਾਰੀ ਦਿੱਤੀ। ਅਜੇ ਤੱਕ ਇਹ ਸਾਫ ਨਹੀਂ ਹੋ ਸਕਿਆ ਕਿ ਵਾਰਡਨ ਨੇ ਵਿਦਿਆਰਥਣਾਂ ਦੀ ਕੁੱਟਮਾਰ ਕਿਉਂ ਕੀਤੀ ਪਰ ਕੁਝ ਸੂਤਰਾਂ ਅਨੁਸਾਰ ਇਹ ਕੁੱਟਮਾਰ ਵਿਦਿਆਰਥਣਾਂ ਦੀ ਖਾਣੇ ਦੀ ਸ਼ਿਕਾਇਤ ਕਰਨ 'ਤੇ ਕੀਤੀ ਗਈ ਸੀ।

'ਸੁਖਬੀਰ ਬਾਦਲ ਦੀਆਂ ਆਪਹੁਦਰੀਆਂ ਨੇ ਅਕਾਲੀ ਦਲ ਤੇ ਪੰਥ ਨੂੰ ਘੋਰ ਸੰਕਟ 'ਚ ਧੱਕਿਆ'

ਭਵਾਨੀਗੜ੍ਹ 6 ਅਗਸਤ। ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਬਰਸੀ ਸਮਾਗਮ ਦੀ ਤਿਆਰੀ ਸਬੰਧੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਵਰਕਰਾਂ ਦੀ ਇਕ ਮੀਟਿੰਗ ਅੱਜ ਇੱਥੇ ਗੁਰਦੁਆਰਾ ਪਾਤਸਾਹੀ ਨੌਵੀਂ ਵਿਖੇ ਹੋਈ। ਇਸ ਦੌਰਾਨ ਅਕਾਲੀ ਦਲ ਦੇ ਸੀਨੀਅਰ ਆਗੂਆਂ ਤੇ ਵਰਕਰਾਂ ਵੱਲੋਂ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਆਪਹੁਦਰੀਆਂ ਤੇ ਤਾਨਾਸਾਹ ਫੈਸਲਿਆਂ ਦੇ ਦੋਸ਼ ਲਗਾਉਂਦਿਆਂ ਉਨ੍ਹਾਂ ਖਿਲਾਫ ਇਕਮੁੱਠਤਾ ਨਾਲ ਆਵਾਜ ਬੁਲੰਦ ਕਰਨ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਸੀਨੀਅਰ ਅਕਾਲੀ ਆਗੂ ਸਾਬਕਾ ਮੰਤਰੀ ਬਲਦੇਵ ਸਿੰਘ ਮਾਨ, ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ, ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ, ਸਾਬਕਾ ਵਿਧਾਇਕ ਪ੍ਰਕਾਸ ਚੰਦ ਗਰਗ, ਗਗਨਦੀਪ ਸਿੰਘ ਬਰਨਾਲਾ ਸਮੇਤ ਰਣਧੀਰ ਸਿੰਘ ਰੱਖੜਾ ਨੇ ਕਿਹਾ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਤਿਆਗ ਅਤੇ ਨਿਮਰਤਾ ਨਾਲ

ਪਾਰਟੀ ਨੂੰ ਮਜਬੂਤ ਕੀਤਾ। ਉਨ੍ਹਾਂ ਕਿਹਾ ਕਿ ਮੌਜੂਦਾ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਤਾਨਾਸਾਹੀ ਅਤੇ ਗੈਰਸੰਵਿਧਾਨਕ ਢੰਗ ਨਾਲ ਸੀਨੀਅਰ ਆਗੂਆਂ ਨੂੰ ਪਾਰਟੀ ਵਿੱਚੋਂ ਕੱਢਣ ਦੇ ਫੈਸਲੇ ਲੈ ਕੇ ਪਾਰਟੀ ਅਤੇ ਪੰਥ ਨੂੰ ਘੋਰ ਸੰਕਟ ਵਿਚ ਧਕੇਲ ਦਿੱਤਾ ਗਿਆ ਹੈ। ਸੰਗਰੂਰ ਤੋਂ ਸਾਬਕਾ ਵਿਧਾਇਕ ਬਾਬੂ ਗਰਗ ਨੇ ਮੁੜ ਦੁਹਰਾਇਆ ਕਿ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਨੂੰ ਚਾਪਲੂਸਾਂ ਅਤੇ ਜੀ ਹਜੂਰੀਏ ਘੇਰਾ ਪਾ ਕੇ ਬੈਠ ਗਏ ਹਨ ਜਿਸ ਕਾਰਨ ਉਹ ਪਾਰਟੀ ਦੇ ਨਫੇ ਨੁਕਸਾਨ ਤੋਂ ਵੀ ਸਮਝ ਖੋਹ ਚੁੱਕੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਤਾਨਾਸਾਹੀ ਤੇ ਆਪਹੁਦਰੇ ਫਰਮਾਨ ਪਾਰਟੀ ਨੂੰ ਹੋਰ ਧਰਾਤਲ ਵੱਲ ਲੈ ਕੇ ਜਾਣਗੇ। ਇਸ ਮੌਕੇ ਵੱਡੀ ਗਿਣਤੀ ਵਿਚ ਪਾਰਟੀ ਵਰਕਰ ਮੌਜੂਦ ਸਨ।

ਡੇਰਾ ਜਗਮਾਲਵਾਲੀ ਦੀ ਗੱਦੀ ਵਿਵਾਦ 'ਚ ਆਇਆ ਨਵਾਂ ਮੋੜ, ਸ਼ਮਸ਼ੇਰ ਲਹਿਰੀ ਨੇ ਵੀਡੀਓ ਸਾਂਝੀ ਕਰ ਕੀਤਾ ਵੱਡਾ ਖੁਲਾਸਾ

ਕਲਾਂਵਲੀ 6 ਅਗਸਤ। ਕਲਾਂਵਲੀ ਖੇਤਰ ਦੇ ਪਿੰਡ ਜਗਮਾਲਵਾਲੀ 'ਚ ਸਥਿਤ ਮਸਤਾਨਾ ਸ਼ਾਹ ਬਲੋਚਿਸਤਾਨ ਆਸ਼ਰਮ (ਡੇਰਾ ਜਗਮਾਲਵਾਲੀ) ਦੇ ਗੱਦੀਨਸ਼ੀਨ ਸੰਤ ਮਹਾਰਾਜ ਬਹਾਦੁਰ ਚੰਦ ਵਕੀਲ ਸਾਹਬ ਦਾ ਦਿੱਲੀ 'ਚ ਇਲਾਜ ਦੌਰਾਨ ਦਿਹਾਂਤ ਹੋ ਗਿਆ। ਇਸ ਤੋਂ ਬਾਅਦ ਗੱਦੀ ਦੇ ਦਾਅਵੇਦਾਰਾਂ 'ਚ ਵਿਵਾਦ ਛਿੜ ਗਿਆ ਹੈ। ਇਸ ਵਿਚਕਾਰ ਮਸਤਾਨਾ ਸਾਹਬ ਬਲੋਚਿਸਤਾਨ

ਪਿੰਡ ਕਾਲੋਮਾਜਰਾ 'ਚ ਜਨ ਸੁਵਿਧਾ ਕੈਂਪ: ਏ.ਡੀ.ਸੀ. ਕੰਚਨ ਨੇ ਲਿਆ ਜਾਇਜ਼ਾ

ਰਾਜਪੁਰਾ, 6 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

'ਆਪ ਦੀ ਸਰਕਾਰ ਆਪ ਦੇ ਦੁਆਰ' ਰਾਹੀਂ ਲੋਕਾਂ ਦੀਆਂ ਦੁੱਖ-ਤਕਲੀਫਾਂ ਸੁਣਨ ਦੇ ਪੰਜਾਬ ਸਰਕਾਰ ਵਲੋਂ ਕੀਤੇ ਉਪਰਾਲੇ ਤਹਿਤ ਅੱਜ ਰਾਜਪੁਰਾ ਹਲਕੇ ਦੇ ਪਿੰਡ ਕਾਲੋਮਾਜਰਾ ਵਿਖੇ ਲਗਾਏ ਜਨ ਸੁਵਿਧਾ ਕੈਂਪ ਮੌਕੇ ਪਿੰਡ ਕਾਲੋਮਾਜਰਾ, ਰਾਮਨਗਰ, ਜਾਂਸਲਾ, ਜਾਂਸਲੀ ਤੇ ਜਲਾਲਪੁਰ ਦੇ ਵਸਨੀਕਾਂ ਨੇ ਸਰਕਾਰੀ ਸਕੀਮਾਂ ਦਾ ਲਾਭ ਲਿਆ।

ਵਧੀਕ ਡਿਪਟੀ ਕਮਿਸ਼ਨਰ (ਜ) ਕੰਚਨ ਪਿੰਡ ਕਾਲੋਮਾਜਰਾ ਵਿਖੇ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਲਗਾਏ ਵਿਸ਼ੇਸ਼ ਕੈਂਪ ਮੌਕੇ। ਉਨ੍ਹਾਂ ਦੇ ਨਾਲ ਐਸ.ਡੀ.ਐਮ. ਰਵਿੰਦਰ ਸਿੰਘ ਤੇ ਹੋਰ ਅਧਿਕਾਰੀ ਵੀ ਨਜ਼ਰ ਆ ਰਹੇ ਹਨ।

ਹਲਕਾ ਵਿਧਾਇਕ ਨੀਨਾ ਮਿੱਤਲ ਤੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਦੀ ਅਗਵਾਈ ਹੇਠ ਲੱਗੇ ਇਸ ਕੈਂਪ ਦਾ ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਕੰਚਨ ਅਤੇ ਐਸ ਡੀ ਐਮ ਰਵਿੰਦਰ ਸਿੰਘ ਨੇ ਜਾਇਜ਼ਾ ਲਿਆ। ਇਸ ਮੌਕੇ ਯੂਥ ਆਗੂ ਲਵਿਸ਼ ਮਿੱਤਲ, ਸਿਵਲ ਸਰਜਨ ਡਾ ਸੰਜੇ ਗੋਇਲ, ਤਹਿਸੀਲਦਾਰ ਜਸਪ੍ਰੀਤ ਸਿੰਘ, ਬੀ.ਡੀ.ਪੀ.ਓ. ਬਨਦੀਪ ਸਿੰਘ, ਸੀ.ਡੀ.ਪੀ.ਓ. ਕੋਮਲਪ੍ਰੀਤ ਕੌਰ, ਐਸ.ਐਮ.ਓ. ਡਾ ਨਵਦੀਪ ਕੌਰ ਤੇ ਹੋਰ ਅਧਿਕਾਰੀ ਮੌਜੂਦ ਸਨ।

ਏ.ਡੀ.ਸੀ. ਕੰਚਨ ਨੇ ਜਿੱਥੇ ਲੋਕਾਂ ਨਾਲ ਗੱਲਬਾਤ ਕਰਕੇ ਕੈਂਪ ਬਾਰੇ ਫੀਡਬੈਕ ਹਾਸਲ ਕੀਤੀ ਉਥੇ ਹੀ ਹਰੇਕ ਟੇਬਲ 'ਤੇ ਬੈਠੇ ਵੱਖ-ਵੱਖ ਵਿਭਾਗਾਂ ਦੇ ਮੁਲਾਜਮਾਂ ਤੋਂ ਲੋਕਾਂ ਨੂੰ ਪ੍ਰਦਾਨ ਕੀਤੀਆਂ ਜਾ ਰਹੀਆਂ ਸਰਕਾਰੀ ਸੇਵਾਵਾਂ ਬਾਰੇ ਵੀ ਜਾਇਜ਼ਾ ਲਿਆ। ਉਨ੍ਹਾਂ ਨੇ ਹਦਾਇਤ ਕੀਤੀ ਕਿ ਲੋਕਾਂ ਨੂੰ ਕਿਸੇ ਵੀ ਕਿਸਮ ਦੀ ਖੱਜਲ ਖੁਆਰੀ ਨਾ ਹੋਣ ਦਿੱਤੀ ਜਾਵੇ ਅਤੇ ਮੁੱਖ ਮੰਤਰੀ ਦੀਆਂ ਹਦਾਇਤਾਂ ਮੁਤਾਬਕ ਮੌਕੇ 'ਤੇ ਸਰਕਾਰੀ ਸੇਵਾਵਾਂ ਪ੍ਰਦਾਨ ਕੀਤੀਆਂ ਜਾਣ। ਉਨ੍ਹਾਂ ਨੇ ਇਸ ਮੌਕੇ ਵੱਖ-ਵੱਖ ਪੈਨਸ਼ਨਾਂ ਦੇ ਲਾਭਪਾਤਰੀਆਂ ਨੂੰ ਆਨ ਲਾਈਨ ਲਗਾਈ ਗਈ ਪੈਨਸ਼ਨ ਦੇ ਦਸਤਾਵੇਜ ਵੀ ਸੌਂਪੇ।

ਏ.ਡੀ.ਸੀ. ਨੇ ਦੱਸਿਆ ਕਿ ਸਮਾਜਿਕ ਸੁਰੱਖਿਆ ਵਿਭਾਗ ਦੀ ਟੀਮ ਕੋਲ ਇਸ ਦੌਰਾਨ ਕਰੀਬ 32 ਲੋਕਾਂ ਨੇ ਆਪਣੀਆਂ ਅਰਜ਼ੀਆਂ ਦਿੱਤੀਆਂ, ਜਿਨ੍ਹਾਂ ਵਿੱਚੋਂ ਕਈਆਂ ਦੀਆਂ ਪੈਨਸ਼ਨ ਸਬੰਧੀ ਮੁਸ਼ਕਿਲਾਂ ਦਾ ਨਿਪਟਾਰਾ ਕੀਤਾ ਗਿਆ। 14 ਵਿਅਕਤੀਆਂ ਨੇ ਨਵੀਂ ਪੈਨਸ਼ਨ ਲਗਾਉਣ ਲਈ ਅਰਜ਼ੀ ਦਿੱਤੀ, ਜਿਨ੍ਹਾਂ ਦੀ ਮੌਕੇ 'ਤੇ ਹੀ ਪੜਤਾਲ ਕੀਤੀ ਗਈ ਅਤੇ ਯੋਗ ਪਾਏ ਗਏ ਦੋ ਵਿਅਕਤੀਆਂ ਦੀ ਪੈਨਸ਼ਨ ਮੌਕੇ 'ਤੇ ਹੀ ਲਗਾ ਦਿੱਤੀ ਗਈ।

ਇਸ ਦੌਰਾਨ ਨੇੜਲੇ ਪਿੰਡਾਂ ਤੋਂ ਵੱਡੀ ਗਿਣਤੀ ਲੋਕਾਂ ਨੇ ਇਸ ਵਿਲੱਖਣ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ ਅਤੇ ਆਪਣੀਆਂ ਸ਼ਿਕਾਇਤਾਂ ਦਾ ਮੌਕੇ ਉੱਤੇ ਨਿਪਟਾਰਾ ਕਰਵਾਇਆ। ਵੱਖ-ਵੱਖ ਵਿਭਾਗਾਂ ਦੇ ਕੰਮਾਂ ਦੇ ਫੌਰੀ ਹੱਲ ਹੋਣ ਦੇ ਭਰੋਸੇ ਨਾਲ ਪਹੁੰਚੇ ਲੋਕਾਂ ਨੇ ਆਪਣੇ ਕੰਮ ਹੋਣ ਦੇ ਸ਼ੁਕਰਾਨੇ ਵਜੋਂ ਮੁੱਖ ਮੰਤਰੀ ਦਾ ਧੰਨਵਾਦ ਕੀਤਾ।

ਇਸ ਜਨ ਸੁਵਿਧਾ ਕੈਂਪ ਦੌਰਾਨ ਰਾਸ਼ਨ ਕਾਰਡ ਨਾਲ ਸਬੰਧਤ ਅਰਜ਼ੀਆਂ, ਜਨਮ ਤੇ ਮੌਤ ਸਰਟੀਫਿਕੇਟ, ਆਧਾਰ ਕਾਰਡ ਅਪਡੇਸ਼ਨ, ਕਿਰਤ ਵਿਭਾਗ ਦੀ ਲਾਲ ਕਾਪੀ, ਮਾਲ ਵਿਭਾਗ ਦੇ ਕੰਮ, ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਯੂ.ਡੀ.ਆਈ.ਡੀ. ਕਾਰਡ ਸਮੇਤ ਸਿਹਤ ਵਿਭਾਗ ਦੀ ਟੀਮ ਵੱਲੋਂ ਸਿਹਤ ਜਾਂਚ ਦੀਆਂ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ। ਇਸ ਮੌਕੇ ਡੀ.ਡੀ.ਐਫ. ਨਿਧੀ ਮਲਹੋਤਰਾ, ਬਲਾਕ ਪ੍ਰਧਾਨ ਸਤਨਾਮ ਸਿੰਘ ਜਲਾਲਪੁਰ, ਸੰਦੀਪ ਸਿੰਘ ਕਾਲੋਮਾਜਰਾ ਤੇ ਕੁਲਵਿੰਦਰ ਸਿੰਘ ਰਾਮਨਗਰ ਸਮੇਤ ਵੱਡੀ ਗਿਣਤੀ ਪਿੰਡ ਵਾਸੀ ਵੀ ਮੌਜੂਦ ਸਨ।

ਫ਼ਤਿਹਗੜ੍ਹ ਛੰਨਾ ਵਿਖੇ ਸਾਲਿਡ ਵੇਸਟ ਮੈਨੇਜਮੈਂਟ ਪਲਾਂਟ ਦਾ ਉਦਘਾਟਨ

ਜਲ ਸਪਲਾਈ ਤੇ ਸੈਨੀਟੇਸ਼ਨ ਅਤੇ ਪੰਚਾਇਤੀ ਰਾਜ ਵਿਭਾਗ ਵੱਲੋਂ ਸਾਂਝੇ ਤੌਰ ਉਤੇ ਬਣਾਇਆ ਪ੍ਰਾਜੈਕਟ ਪਿੰਡ ਨੂੰ ਸਾਫ਼ ਸੁਥਰਾ ਰੱਖਣ ਲਈ ਹੋਵੇਗਾ ਲਾਹੇਵੰਦ: ਐਸ.ਡੀ.ਐਮ

ਸਮਾਣਾ, 6 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਣਾ ਹਲਕੇ ਦੇ ਪਿੰਡ ਫ਼ਤਹਿਗੜ੍ਹ ਛੰਨਾ ਵਿਖੇ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਅਤੇ ਪੰਚਾਇਤੀ ਰਾਜ ਵਿਭਾਗ ਵੱਲੋਂ ਸਾਂਝੇ ਤੌਰ ਉਤੇ ਰਾਊਂਡਗਲਾਸ ਫਾਊਂਡੇਸ਼ਨ ਦੇ ਸਹਿਯੋਗ ਨਾਲ ਬਣਾਇਆ ਗਿਆ ਸਾਲਿਡ ਵੇਸਟ ਮੈਨੇਜਮੈਂਟ ਪ੍ਰਾਜੈਕਟ ਅੱਜ ਪਿੰਡ ਵਾਸੀਆਂ ਨੂੰ ਸਮਰਪਿਤ ਕੀਤਾ ਗਿਆ।ਇਸ ਪ੍ਰਾਜੈਕਟ ਦਾ ਉਦਘਾਟਨ ਕਰਨ ਪੁੱਜੇ ਐਸ ਡੀ ਐਮ ਸਮਾਣਾ ਰਿਚਾ ਗੋਇਲ ਦੇ ਨਾਲ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦੇ ਪੀ.ਏ. ਗੁਰਦੇਵ ਸਿੰਘ ਟਿਵਾਣਾ, ਬੀ.ਡੀ.ਪੀ.ਓ ਸਮਾਣਾ ਸੁਖਵਿੰਦਰ ਸਿੰਘ ਟਿਵਾਣਾ ਤੇ ਐਸ.ਡੀ.ਓ ਗੁਰਪ੍ਰੀਤ ਕੌਰ ਵੀ ਮੌਜੂਦ ਸਨ।

ਰਿਚਾ ਗੋਇਲ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਡਾ. ਹਰਜਿੰਦਰ ਸਿੰਘ ਬੇਦੀ ਦੀ ਦੇਖ-ਰੇਖ ਹੇਠ ਇਹ ਪ੍ਰਾਜੈਕਟ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਠੋਸ ਕੂੜਾ ਪ੍ਰਬੰਧਨ ਨਾਲ ਪਿੰਡ ਸਾਫ਼ ਸੁਥਰਾ ਹੋ ਸਕੇਗਾ ਅਤੇ ਲੋਕਾਂ ਨੂੰ ਬਿਮਾਰੀਆਂ ਤੋਂ ਰਾਹਤ ਮਿਲੇਗੀ।

ਗੁਰਦੇਵ ਸਿੰਘ ਟਿਵਾਣਾ ਨੇ ਕਿਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਪਿੰਡਾਂ ਦੇ ਵਿਕਾਸ ਲਈ ਵਿਸ਼ੇਸ਼ ਯੋਜਨਾ ਉਲੀਕੀ ਹੈ, ਜਿਸ ਤਹਿਤ ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਦੀ ਦੇਖ-ਰੇਖ ਹੇਠ ਸਮਾਣਾਂ ਹਲਕੇ ਦੇ ਸਾਰੇ ਪਿੰਡਾਂ ਦਾ ਚਹੁੰਪੱਖੀ ਵਿਕਾਸ ਤੇਜੀ ਨਾਲ ਕਰਵਾਇਆ ਜਾ ਰਿਹਾ ਹੈ। ਇਸ ਦੌਰਾਨ ਇਸ ਪ੍ਰੋਜੈਕਟ ਨੂੰ ਚਲਾਉਣ ਲਈ ਰਾਊਂਡਗਲਾਸ ਫਾਊਂਡੇਸ਼ਨ ਵੱਲੋਂ ਰੇਹੜੀ, ਡਸਟਬਿਨ, ਮੈਡੀਕਲ ਕਿਟ ਅਤੇ ਹੋਰ ਲੋੜੀਂਦਾ ਸਮਾਨ ਆਪਣੇ ਵੱਲੋਂ ਦਿੱਤਾ ਗਿਆ। ਇਸ ਪ੍ਰੋਗਰਾਮ ਦੌਰਾਨ ਪਿੰਡ ਵਾਸੀਆਂ ਅਤੇ ਸਕੂਲੀ ਬੱਚਿਆਂ ਨੂੰ ਠੋਸ ਅਤੇ ਗਿੱਲੇ ਕੂੜੇ ਦੇ ਸਹੀ ਪ੍ਰਬੰਧਨ ਲਈ ਵਰਕਸ਼ਾਪ ਵੀ ਲਗਾਈ ਗਈ ਅਤੇ ਕੂੜੇ ਦੇ ਸਹੀ ਢੰਗ ਨਾਲ ਨਿਪਟਾਰੇ ਲਈ ਜਾਗਰੂਕ ਕੀਤਾ ਗਿਆ। ਇਸ ਪ੍ਰੋਜੈਕਟ ਨਾਲ ਪਿੰਡ ਦੀਆਂ ਔਰਤਾਂ ਨੂੰ ਰੁਜ਼ਗਾਰ ਦਿੰਦੇ ਹੋਏ ਬਤੌਰ ਸਫਾਈ ਕਰਮਚਾਰੀ ਨਿਯੁਕਤ ਕੀਤਾ ਗਿਆ।ਪ੍ਰੋਗਰਾਮ ਦੌਰਾਨ ਜਲ ਸਪਲਾਈ ਤੇ ਸੈਨੀਟੇਸ਼ਨ ਦੇ ਆਈ.ਈ.ਸੀ, ਬੀ.ਆਰ.ਸੀ. ਵੀਰਪਾਲ ਦਿਕਸ਼ਿਤ, ਪੰਚਾਇਤ ਅਫ਼ਸਰ, ਪੰਚਾਇਤ ਸਕੱਤਰ, ਰਾਊਂਡਗਲਾਸ ਫਾਊਂਡੇਸ਼ਨ ਦੇ ਡਾ. ਅਰਸ਼ਦੀਪ ਸਿੰਘ, ਦੀਪਕ ਵਧਵਾ, ਕੁਲਦੀਪ ਸਿੰਘ, ਭਰਪੂਰ ਸਿੰਘ, ਗੁਰਜੀਤ ਸਿੰਘ ਅਤੇ ਪਿੰਡ ਸਮੂਹ ਵਾਸੀਆਂ ਵੱਲੋਂ ਪੂਰਾ ਸਹਿਯੋਗ ਦਿੱਤਾ ਗਿਆ।

ਇਫਕੋ ਵੱਲੋਂ ਖੇਤਾਂ ਵਿੱਚ ਸਪਰੇਅ ਲਈ ਡਰੋਨ ਮੁਹੱਈਆ ਕਰਵਾਉਣ ਦਾ ਕਿਸਾਨਾਂ ਨੂੰ ਹੋਵੇਗਾ ਲਾਭ: ਡਿਪਟੀ ਕਮਿਸ਼ਨਰ

ਫਤਹਿਗੜ੍ਹ ਸਾਹਿਬ, 6 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਦੇਸ਼ ਦੀ ਸਭ ਤੋਂ ਵੱਡੀ ਸਹਿਕਾਰੀ ਸੰਸਥਾ ਇਫਕੋ ਵੱਲੋਂ ਕਿਸਾਨਾਂ ਨੂੰ ਖੇਤਾਂ ਵਿੱਚ ਡਰੋਨ ਰਾਹੀਂ ਸਪਰੇਅ ਕਰਵਾਉਣ ਦੀ ਦਿੱਤੀ ਸਹੂਲਤ ਦਾ ਜ਼ਿਲ੍ਹੇ ਦੇ ਕਿਸਾਨਾਂ ਨੂੰ ਵੱਡਾ ਲਾਭ ਪਹੁੰਚੇਗਾ ਕਿਉਂਕਿ ਡਰੋਨ ਰਾਹੀਂ ਇੱਕ ਏਕੜ ਰਕਬੇ ਵਿੱਚ 07 ਮਿੰਟ ਚ ਸਪੇਅਰ ਕੀਤੀ ਜਾ ਸਕਦੀ ਹੈ ਅਤੇ ਇਸ ਨਾਲ ਇੱਕ ਏਕੜ ਰਕਬੇ ਵਿੱਚ ਸਪਰੇਅ ਕਰਨ ਨਾਲ ਸਿਰਫ 10 ਲੀਟਰ ਪਾਣੀ ਦੀ ਹੀ ਖਪਤ ਹੁੰਦੀ ਹੈ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼੍ਰੀਮਤੀ ਪਰਨੀਤ ਸ਼ੇਰਗਿੱਲ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤੋਂ ਇਫਕੋ ਦੇ ਡਰੋਨ ਨੂੰ ਰਵਾਨਾਂ ਕਰਨ ਮੌਕੇ ਗੱਲਬਾਤ ਕਰਦਿਆਂ ਦਿੱਤੀ। ਉਨ੍ਹਾਂ ਦੱਸਿਆ ਕਿ ਡਰੋਨ ਨਾਲ ਸਪਰੇਅ ਕਰਵਾਉਣ ਦੇ ਚਾਹਵਾਨ ਕਿਸਾਨ ਮੋਬਾਇਲ ਐਪ ਇਫਕੋ ਕਿਸਾਨ ਓਦੇ ਅਤੇ ਇਫਕੋ ਸਹਿਕਾਰ ਉਡਾਨ ਰਾਹੀਂ ਆਨ ਲਾਇਨ ਆਰਡਰ ਕਰ ਸਕਦੇ ਹਨ ਅਤੇ ਉਨ੍ਹਾਂ ਦਾ ਆਰਡਰ ਸਬੰਧਤ ਤੱਕ ਪਹੁੰਚਣ ਉਪਰੰਤ ਉਨ੍ਹਾਂ ਦੇ ਖੇਤ ਵਿੱਚ ਆ ਕੇ ਸਪਰੇਅ ਕਰ ਦਿੱਤੀ ਜਾਵੇਗੀ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਡਰੋਨ ਰਾਹੀਂ ਪੂਰੇ ਖੇਤ ਵਿੱਚ ਇੱਕ ਸਾਰ ਤਰੀਕੇ ਨਾਲ ਸਪਰੇਅ ਹੁੰਦਾ ਹੈ ਅਤੇ ਇਸ ਨਾਲ ਫਸਲਾਂ ਦਾ ਝਾੜ ਵੱਧਦਾ ਹੈ ਤੇ ਕਿਸਾਨਾਂ ਨੂੰ ਆਰਥਿਕ ਤੌਰ ਤੇ ਵੀ ਵੱਡਾ ਲਾਭ ਮਿਲਦਾ ਹੈ। ਉਨ੍ਹਾਂ ਦੱਸਿਆ ਕਿ ਇਫਕੋ ਵੱਲੋਂ ਤਿਆਰ ਕੀਤੀਆਂ ਗਈਆਂ ਨੈਨੋ ਖਾਦਾਂ ਅਤੇ ਨੈਨੋ ਯੂਰੀਆ ਤੇ ਸਰਕਾਰ ਵੱਲੋਂ ਦੁਰਘਟਨਾ ਬੀਮਾਂ ਦਾ ਲਾਭ ਵੀ ਦਿੱਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਫਕੋ ਦੁਰਘਟਨਾ ਬੀਮਾ ਲਈ ਕਿਸਾਨ ਨੂੰ ਕੋਈ ਪ੍ਰੀਮੀਅਮ ਨਹੀਂ ਦੇਣਾ ਪਵੇਗਾ ਬਲਕਿ ਇਫਕੋ ਨੈਨੋ ਯੂਰੀਆ ਜਾਂ ਨੈਨੋ ਡੀ.ਏ.ਪੀ. ਦੀ ਇੱਕ ਬੋਤਲ ਤੇ 10 ਹਜ਼ਾਰ ਰੁਪਏ ਤੱਕ ਦਾ ਦੁਰਘਟਨਾ ਬੀਮਾ ਦਾ ਲਾਭ ਮਿਲਦਾ ਹੈ। ਇਸ ਸਕੀਮ ਅਧੀਨ ਵੱਧ ਤੋਂ ਵੱਧ 20 ਬੋਤਲਾਂ ਤੇ ਦੋ ਲੱਖ ਰੁਪਏ ਦਾ ਲਾਭ ਦਿੱਤਾ ਜਾਂਦਾ ਹੈ।

ਇਸ ਮੌਕੇ ਇਫਕੋ ਦੇ ਫੀਲਡ ਅਫਸਰ ਹਿਮਾਂਸ਼ੂ ਜੈਨ ਨੇ ਦੱਸਿਆ ਕਿ ਇਫਕੋ ਦੀਆਂ ਨੈਨੋ ਖਾਦਾਂ ਦੀ ਵਰਤੋਂ ਨਾਲ ਜਿਥੇ ਵਾਤਾਵਰਣ ਪ੍ਰਦੂਸ਼ਣ ਨੂੰ ਠੱਲ ਪਾਈ ਜਾ ਸਕਦੀ ਹੈ ਉਥੇ ਹੀ ਕਿਸਾਨਾਂ ਦਾ ਸਪਰੇਅ ਤੇ ਹੋਣ ਵਾਲਾ ਖਰਚਾ ਵੀ ਘਟਦਾ ਹੈ ਕਿਉਂਕਿ ਇਫਕੋ ਖਾਦਾਂ ਦੀ ਵਰਤੋਂ ਨਾਲ ਫਸਲਾਂ ਤੇ ਕੀੜਿਆਂ ਦਾ ਹਮਲਾ ਬਹੁਤ ਘੱਟ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਇਫਕੋ ਵੱਲੋਂ ਪਹਿਲਾਂ ਤਿਆਰ ਕੀਤੇ ਗਏ ਇਫਕੋ ਨੈਨੋ ਯੂਰੀਆ ਵਿੱਚ ਨਾਈਟ੍ਰੋਜਨ ਦੀ ਮਿਕਦਾਰ 4 ਫੀਸਦੀ ਸੀ ਜਦੋਂ ਕਿ ਇਫਕੋ ਨੈਨੋ ਯੂਰੀਆ ਪਲੱਸ ਵਿੱਚ 20 ਫੀਸਦੀ ਨਾਈਟ੍ਰੋਜਨ ਦੀ ਮਿਕਦਾਰ ਹੈ, ਜੋ ਕਿ ਕਿਸਾਨਾਂ ਨੂੰ 225/-ਰੁਪਏ ਵਿੱਚ ਹੀ ਮਿਲਦੀ ਹੈ।

ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਡਾ: ਧਰਮਿੰਦਰਜੀਤ ਸਿੰਘ ਸਿੱਧੂ, ਖੇਤੀਬਾੜੀ ਅਫਸਰ ਡਾ: ਜਸਵਿੰਦਰ ਸਿੰਘ, ਖੇਤੀਬਾੜੀ ਵਿਕਾਸ ਅਫਸਰ ਡਾ: ਦਮਨ ਝਾਂਜੀ, ਡਰੋਨ ਮਾਹਰ ਦੀਪਕ ਕੁਮਾਰ ਤੋਂ ਇਲਾਵਾ ਹੋਰ ਅਧਿਕਾਰੀ ਤੇ ਪਤਵੰਤੇ ਵੀ ਹਾਜਰ ਸਨ।

ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਅੱਜ

ਪਟਿਆਲਾ, 6 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ ਵੱਲੋਂ ਆਈ.ਐਫ.ਐਮ ਫਿਨਕੋਚ ਗਲੋਬਲ ਪ੍ਰਾਈਵੇਟ ਲਿਮਟਿਡ ਅਤੇ ਅੰਨਪੂਰਨਾ ਫਾਈਨਾਂਸ ਪ੍ਰਾਈਵੇਟ ਲਿਮਟਿਡ ਪਟਿਆਲਾ ਦੇ ਪਲੇਸਮੈਂਟ ਕੈਂਪ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਪਟਿਆਲਾ ਦੇ ਅਧਿਕਾਰੀ ਨੇ ਦੱਸਿਆ ਕਿ ਅੱਜ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਆਈ.ਐਫ.ਐਮ ਫਿਨਕੋਚ ਗਲੋਬਲ ਪ੍ਰਾਈਵੇਟ ਲਿਮਟਿਡ ਪਟਿਆਲਾ ਕੰਪਨੀ ਦੇ ਸੇਲਜ਼ ਅਫ਼ਸਰ ਅਤੇ ਅੰਨਪੂਰਨਾ ਫਾਈਨਾਂਸ ਪ੍ਰਾਈਵੇਟ ਲਿਮਟਿਡ ਪਟਿਆਲਾ ਕੰਪਨੀ ਦੇ ਐਫ.ਸੀ.ਓ, ਡੀ.ਓ., ਏ.ਬੀ. ਤੇ ਬੀ.ਐਮ. ਦੀ ਅਸਾਮੀਆਂ ਲਈ ਇੰਟਰਵਿਊ ਲਈ ਜਾਵੇਗੀ।

ਚਾਹਵਾਨ ਅਤੇ ਯੋਗ ਉਮੀਦਵਾਰ ਆਈ.ਐਫ.ਐਮ ਫਿਨਕੋਚ ਗਲੋਬਲ ਪ੍ਰਾਈਵੇਟ ਲਿਮਟਿਡ ਪਟਿਆਲਾ ਕੰਪਨੀ ਲਈ ਜਿਨ੍ਹਾਂ ਦੀ ਵਿੱਦਿਅਕ ਯੋਗਤਾ ਗ੍ਰੈਜੂਏਸ਼ਨ ਪਾਸ, ਉਮਰ 21-26 ਸਾਲ ਅਤੇ ਅੰਨਪੂਰਨਾ ਫਾਈਨਾਂਸ ਪ੍ਰਾਈਵੇਟ ਲਿਮਟਿਡ ਪਟਿਆਲਾ ਕੰਪਨੀ ਲਈ ਤਜਰਬਾ 1 ਤੋਂ 4 ਸਾਲ, ਜਿਨ੍ਹਾਂ ਦੀ ਵਿੱਦਿਅਕ ਯੋਗਤਾ ਬਾਰ੍ਹਵੀਂ ਅਤੇ ਗ੍ਰੈਜੂਏਸ਼ਨ ਪਾਸ, ਉਮਰ 18-32 ਸਾਲ ਹੋਵੇ, ਅਤੇ ਉਹ ਇਸ ਪਲੇਸਮੈਂਟ ਡਰਾਈਵ ਵਿੱਚ ਭਾਗ ਲੈ ਸਕਦੇ ਹਨ।

ਨੌਕਰੀ ਦੇ ਇੱਛੁਕ ਉਮੀਦਵਾਰ ਇਸ ਪਲੇਸਮੈਂਟ ਕੈਂਪ/ ਇੰਟਰਵਿਊ ਵਿੱਚ ਭਾਗ ਲੈਣ ਲਈ ਆਪਣੀ ਯੋਗਤਾ ਦੇ ਸਾਰੇ ਸਰਟੀਫਿਕੇਟ ਦੀਆਂ ਫੋਟੋਕਾਪੀਆਂ, ਅਧਾਰ ਕਾਰਡ, ਪੈਨ ਕਾਰਡ ਅਤੇ ਰਿਜ਼ਊਮੇ ਨਾਲ ਲੈ ਕੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਮਿੰਨੀ ਸਕੱਤਰੇਤ ਬਲਾਕ ਡੀ ਨੇੜੇ ਸੁਵਿਧਾ ਕੇਂਦਰ, ਪਟਿਆਲਾ ਵਿਖੇ ਪਹੁੰਚ ਕੇ ਇਸ ਇੰਟਰਵਿਊ ਵਿੱਚ ਹਿੱਸਾ ਲੈ ਸਕਦੇ ਹਨ।

ਪਟਿਆਲਾ ਜ਼ਿਲ੍ਹਾ ਵਾਸੀਆਂ ਨੂੰ 43 ਤਰ੍ਹਾਂ ਦੀਆਂ ਸੇਵਾਵਾਂ ਘਰਾਂ 'ਚ ਹੀ ਹੋ ਰਹੀਆਂ ਨੇ ਮੁਹੱਈਆ

ਜ਼ਿਲ੍ਹਾ ਵਾਸੀ 1076 'ਤੇ ਕਾਲ ਕਰਕੇ ਘਰ ਬੈਠੇ ਪ੍ਰਾਪਤ ਕਰ ਸਕਦੇ ਨੇ ਸੇਵਾਵਾਂ : ਡਿਪਟੀ ਕਮਿਸ਼ਨਰ

ਪਟਿਆਲਾ, 6 ਅਗਸਤ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜਿਥੇ 'ਆਪ ਦੀ ਸਰਕਾਰ, ਆਪ ਦੇ ਦੁਆਰ' ਵਰਗੀ ਵਿਲੱਖਣ ਪਹਿਲ ਕਦਮੀ ਕਰਕੇ ਲੋਕਾਂ ਨੂੰ ਕੈਂਪਾਂ ਲਗਾ ਕੇ ਪ੍ਰਸ਼ਾਸਨਿਕ ਸੇਵਾਵਾਂ ਉਨ੍ਹਾਂ ਦੇ ਘਰਾਂ ਦੇ ਨੇੜੇ ਉਪਲਬਧ ਕਰਵਾਈਆਂ ਜਾ ਰਹੀਆਂ ਹਨ, ਉਥੇ ਹੀ 43 ਤਰ੍ਹਾਂ ਦੀਆਂ ਸੇਵਾਵਾਂ ਲੋਕ ਆਪਣੇ ਘਰ ਬੈਠੇ ਹੀ ਪ੍ਰਾਪਤ ਕਰ ਰਹੇ ਹਨ।

ਪੰਜਾਬੀ 'ਵਰਸਿਟੀ ਦਾ ਨਾਨ-ਟੀਚਿੰਗ ਸਟਾਫ ਸੰਘਰਸ਼ 'ਤੇ ਡਟਿਆ

ਪੰਜਾਬੀ ਯੂਨੀਵਰਸਿਟੀ ਵਿੱਚ ਭੁੱਖ ਹੜਤਾਲ 'ਤੇ ਬੈਠੇ ਮੁਲਾਜ਼ਮ।

ਪਟਿਆਲਾ, 6 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਸੀਨੀਅਰ ਸਹਾਇਕਾਂ ਵੱਲੋਂ ਨਿਗਰਾਨ ਦੀ ਪਦਉੱਨਤੀ ਸਬੰਧੀ ਭੁੱਖ ਹੜਤਾਲ ਛੇਵੇਂ ਦਿਨ ਵੀ ਜਾਰੀ ਰੱਖੀ ਗਈ। ਭੁੱਖ ਹੜਤਾਲ ਦੌਰਾਨ ਕਰਮਚਾਰੀਆਂ ਦੀ ਸਿਹਤ ਕਾਫ਼ੀ ਨਾਜ਼ੁਕ ਦੱਸੀ ਜਾ ਰਹੀ ਹੈ। ਅੱਜ ਦੇ ਧਰਨੇ ਦੌਰਾਨ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਮੇਜਰ ਰਮਨ ਪਾਲ ਮਲਹੋਤਰਾ ਨੇ ਯੂਨੀਵਰਸਿਟੀ ਦੇ ਸੈਨੇਟ ਮੈਂਬਰ ਵੱਲੋਂ ਭੁੱਖ ਹੜਤਾਲ 'ਤੇ ਬੈਠੇ ਕਰਮਚਾਰੀਆਂ ਨੂੰ ਧਰਨਾ ਖ਼ਤਮ ਕਰਨ ਅਤੇ ਜਲਦ ਤਰੱਕੀਆਂ ਕਰਵਾਉਣ ਦਾ ਭਰੋਸਾ ਦਿੱਤਾ। ਪਰ ਕਰਮਚਾਰੀਆਂ ਨੇ ਪੱਤਰ ਜਾਰੀ ਹੋਣ ਤੱਕ ਭੁੱਖ ਹੜਤਾਲ ਜਾਰੀ ਰੱਖਣ ਦਾ ਫ਼ੈਸਲਾ ਲਿਆ। ਇਸ ਮੌਕੇ ਸੀਨੀਅਰ ਸਹਾਇਕ ਰਾਜ ਕੁਮਾਰ, ਪਰਵਿੰਦਰ ਕੌਰ, ਹਰੀਸ਼ ਕੁਮਾਰ, ਮਨਜੀਤ ਸਿੰਘ ਭੁੱਖ ਹੜਤਾਲ 'ਤੇ ਬੈਠੇ ਹੋਏ ਹਨ। ਕਰਮਚਾਰੀ ਸੰਘ ਅ ਅਤੇ ੲ ਵਰਗ ਦੇ ਪ੍ਰਧਾਨ ਰਾਜਿੰਦਰ ਸਿੰਘ ਬਾਗੜੀਆਂ, ਮੀਤ ਪ੍ਰਧਾਨ ਪ੍ਰਕਾਸ਼ ਸਿੰਘ ਧਾਲੀਵਾਲ, ਜਨਰਲ ਸਕੱਤਰ ਅਮਰਜੀਤ ਕੌਰ ਸੰਘ ਦੇ ਮੈਂਬਰਾਂ ਵੱਲੋਂ ਵੀ ਧਰਨੇ ਵਿੱਚ ਸ਼ਮੂਲੀਅਤ ਕਰਕੇ ਪ੍ਰਸ਼ਾਸਨ ਨਾਲ ਤਾਲਮੇਲ ਕਰਕੇ ਹਮਾਇਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕਰਮਚਾਰੀਆਂ ਦੀ ਸਿਹਤ ਕਿਸੇ ਸਮੇਂ ਵੀ ਖ਼ਰਾਬ ਹੋ ਸਕਦੀ ਹੈ। ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਯੂਨੀਵਰਸਿਟੀ ਵਿੱਚ ਖ਼ਾਲੀ ਪਈਆਂ ਰਜਿਸਟਰਾਰ ਅਤੇ ਡੀਨ ਅਕਾਦਮਿਕ ਦੀਆਂ ਅਸਾਮੀਆਂ ਨੂੰ ਭਰਿਆ ਜਾਵੇ ਤਾਂ ਜੋ ਯੂਨੀਵਰਸਿਟੀ ਵਿੱਚ ਕਰਮਚਾਰੀਆਂ ਦੇ ਰੁਕੇ ਹੋਏ ਕੰਮ ਹੋ ਸਕਣ। ਇਸ ਮੌਕੇ ਗੁਰਿੰਦਰਪਾਲ ਸਿੰਘ ਬੱਬੀ, ਅਮਰਜੀਤ ਕੌਰ, ਨਵਦੀਪ ਸਿੰਘ, ਉਂਕਾਰ ਸਿੰਘ, ਗੁਰਪਿਆਰ ਸਿੰਘ ਆਦਿ ਕਰਮਚਾਰੀ ਸ਼ਾਮਲ ਹੋਏ।

ਵਿਸ਼ੇਸ਼ ਮੁੱਖ ਸਕੱਤਰ ਵੀ.ਕੇ. ਸਿੰਘ ਵੱਲੋਂ ਅਤਿ-ਅਧੁਨਿਕ ਸਾਧਨਾਂ ਨਾਲ ਸਹਿਕਾਰੀ ਖੇਤਰ ਨੂੰ ਮਜ਼ਬੂਤ ਕਰਨ 'ਤੇ ਜ਼ੋਰ

ਪੰਜਾਬ ਰਾਜ ਸਹਿਕਾਰੀ ਬੈਂਕ ਵੱਲੋਂ ਲੈਣ-ਦੇਣ ਦੀ ਸੁਖਾਲੀ ਵਿਧੀ ਲਈ ਅਤਿ-ਆਧੁਨਿਕ ਸਾਧਨ ਅਮਲ ਵਿੱਚ ਲਿਆਉਣ ਵਾਸਤੇ ਸਮਝੌਤਾ ਸਹੀਬੱਧ

ਚੰਡੀਗੜ੍ਹ, 6 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸੂਬੇ ਵਿੱਚ ਸਹਿਕਾਰੀ ਖੇਤਰ ਦੀ ਕੁਸ਼ਲਤਾ ਅਤੇ ਪ੍ਰਭਾਵਸ਼ੀਲਤਾ ਨੂੰ ਵਧਾਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਪਹਿਲਕਦਮੀ ਕਰਦਿਆਂ, ਪੰਜਾਬ ਰਾਜ ਸਹਿਕਾਰੀ ਬੈਂਕ ਅਤੇ 20 ਜ਼ਿਲ੍ਹਾ ਕੇਂਦਰੀ ਸਹਿਕਾਰੀ ਬੈਂਕਾਂ ਨੇ ਮੁੱਖ ਮੰਤਰੀ ਦੇ ਵਿਸ਼ੇਸ਼ ਮੁੱਖ ਸਕੱਤਰ ਅਤੇ ਵਿੱਤੀ ਕਮਿਸ਼ਨਰ ਸਹਿਕਾਰਤਾ ਸ੍ਰੀ ਵੀ.ਕੇ. ਸਿੰਘ ਦੀ ਮੌਜੂਦਗੀ ਵਿੱਚ ਅੱਜ ਮੈਸਰਜ਼ ਏਜਰਵ ਸਿਸਟਮਜ਼ ਲਿਮਟਿਡ ਅਤੇ ਮੈਸਰਜ਼ ਡਾਇਨਾਕੌਨੋਜ਼ ਸਿਸਟਮਜ਼ ਐਂਡ ਸਲਿਊਸ਼ਨਜ਼ ਲਿਮਟਿਡ ਨਾਲ ਸੀ.ਬੀ.ਐਸ. ਅਪਗ੍ਰੇਡੇਸ਼ਨ ਸਮਝੌਤਾ ਸਹੀਬੱਧ ਕੀਤਾ ਹੈ।

ਇਸ ਮੌਕੇ 'ਤੇ ਸੰਬੋਧਨ ਕਰਦਿਆਂ ਵਿਸ਼ੇਸ਼ ਮੁੱਖ ਸਕੱਤਰ ਨੇ ਸੁਸਾਇਟੀਆਂ ਦੇ ਸਕੱਤਰਾਂ ਅਤੇ ਪ੍ਰਬੰਧਕ ਕਮੇਟੀਆਂ ਤੱਕ ਜਾਣਕਾਰੀ ਪਹੁੰਚਾਉਣ ਦੀ ਸਹੂਲਤ ਪ੍ਰਦਾਨ ਕਰਨ ਲਈ ਇਸ ਤਕਨਾਲੋਜੀ ਦੀ ਸ਼ੁਰੂਆਤ 'ਤੇ ਜ਼ੋਰ ਦਿੱਤਾ।

ਉਨ੍ਹਾਂ ਕਿਹਾ ਕਿ ਇਹ ਸਹਿਕਾਰੀ ਖੇਤਰ ਵਿੱਚ ਵਧੇਰੇ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਵੱਲ ਇੱਕ ਅਹਿਮ ਕਦਮ ਹੈ। ਉਨ੍ਹਾਂ ਕਿਹਾ ਕਿ ਇਸ ਕਦਮ ਨਾਲ ਧੋਖਾਧੜੀ ਅਤੇ ਫੰਡਾਂ ਦੀ ਦੁਰਵਰਤੋਂ ਨੂੰ ਠੱਲ੍ਹ ਪਵੇਗੀ। ਸ੍ਰੀ ਵੀ.ਕੇ. ਸਿੰਘ ਨੇ ਅੱਗੇ ਕਿਹਾ ਕਿ ਕੋਰ ਬੈਂਕਿੰਗ ਹੱਲ ਲਈ ਇਨਫੋਸਿਸ ਦੇ ਫਿਨਾਕਲ-10 ਦੀ ਵਰਤੋਂ ਸਾਰੇ ਹਿੱਸੇਦਾਰਾਂ ਦੇ ਏਕੀਕਰਨ ਨੂੰ ਵਧਾਏਗੀ ਅਤੇ ਸਹਿਜ ਲੈਣ-ਦੇਣ ਨੂੰ ਸਮਰੱਥ ਬਣਾਵੇਗੀ ਜਿਸ ਨਾਲ ਸਹਿਕਾਰੀ ਖੇਤਰ ਦੀ ਸਮੁੱਚੀ ਕੁਸ਼ਲਤਾ ਵਿੱਚ ਵਾਧਾ ਹੋਵੇਗਾ।

ਵਿਸ਼ੇਸ਼ ਮੁੱਖ ਸਕੱਤਰ ਨੇ ਕਿਹਾ ਕਿ ਇਹ ਇਤਿਹਾਸਕ ਪਹਿਲਕਦਮੀ ਪੰਜਾਬ ਵਿੱਚ ਸਹਿਕਾਰੀ ਖੇਤਰ ਨੂੰ ਹੋਰ ਵਧੇਰੇ ਸਮਰੱਥ ਬਣਾਉਣ ਦੀ ਦਿਸ਼ਾ ਵੱਲ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੀ ਦੂਰਅੰਦੇਸ਼ ਅਤੇ ਗਤੀਸ਼ੀਲ ਅਗਵਾਈ ਹੇਠ ਸੂਬਾ ਸਰਕਾਰ ਇਸ ਨੂੰ ਸਫ਼ਲਤਾਪੂਰਵਕ ਲਾਗੂ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਸ੍ਰੀ ਵੀ.ਕੇ. ਸਿੰਘ ਨੇ ਸੁਚਾਰੂ ਲੈਣ-ਦੇਣ ਲਈ ਮੌਜੂਦਾ ਬੈਂਕਿੰਗ ਪ੍ਰਣਾਲੀਆਂ ਦੇ ਵੱਖ-ਵੱਖ ਅਤਿ ਆਧੁਨਿਕ ਸਾਧਨਾਂ ਨੂੰ ਪੇਸ਼ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ।

ਜ਼ਿਕਰਯੋਗ ਹੈ ਕਿ ਇਸ ਸਮਝੌਤੇ ਦਾ ਉਦੇਸ਼ ਮਜ਼ਬੂਤ ਅਤੇ ਆਧੁਨਿਕ ਸਹਿਕਾਰੀ ਈਕੋ-ਸਿਸਟਮ ਬਣਾਉਣ ਸਬੰਧੀ ਸੂਬੇ ਸਰਕਾਰ ਦੇ ਦ੍ਰਿਸ਼ਟੀਕੋਣ ਮੁਤਾਬਕ ਤਕਨੀਕੀ ਪ੍ਰਗਤੀ ਰਾਹੀਂ ਸਹਿਕਾਰੀ ਖੇਤਰ ਨੂੰ ਮਜ਼ਬੂਤ ਕਰਨਾ ਹੈ। ਇਸ ਸਮਝੌਤੇ ਸਬੰਧੀ ਕਰਵਾਏ ਸਮਾਰੋਹ ਦੌਰਾਨ ਮਾਹਿਰ ਟੀਮਾਂ ਨੇ ਇਸ ਸਮਝੌਤੇ ਦੇ ਵੱਖ-ਵੱਖ ਤਕਨੀਕੀ ਪਹਿਲੂਆਂ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਰਜਿਸਟਰਾਰ ਸਹਿਕਾਰੀ ਸਭਾਵਾਂ ਸ੍ਰੀ ਵਿਮਲ ਕੁਮਾਰ ਸੇਤੀਆ ਅਤੇ ਪੀ.ਐਸ.ਸੀ.ਬੀ. ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਗੁਲਪ੍ਰੀਤ ਸਿੰਘ ਔਲਖ ਤੋਂ ਇਲਾਵਾ ਨਬਾਰਡ ਦੇ ਨੁਮਾਇੰਦੇ ਵੀ ਮੌਜੂਦ ਸਨ।

ਸਕੂਲ ਵਿੱਚ ਕਰੀਅਰ ਕਾਊਂਸਲਿੰਗ ਸੈਸ਼ਨ ਕਰਵਾਇਆ

ਸੈਸ਼ਨ ਵਿੱਚ ਭਾਗ ਲੈਂਦੇ ਹੋਏ ਵਿਦਿਆਰਥੀ।

ਰਾਜਪੁਰਾ, 6 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਇੱਥੇ ਕ੍ਰੈਕ ਅਕਾਦਮੀ ਨੇ ਸਕਾਲਰਜ਼ ਪਬਲਿਕ ਸਕੂਲ ਰਾਜਪੁਰਾ ਵਿੱਚ ਇੱਕ ਸਫਲ ਕਰੀਅਰ ਕਾਊਂਸਲਿੰਗ ਸੈਸ਼ਨ ਕਰਵਾਇਆ। ਇਸ ਸੈਸ਼ਨ ਵਿੱਚ 500 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਇਹ ਸੈਸ਼ਨ ਨੌਜਵਾਨਾਂ ਨੂੰ ਉਨ੍ਹਾਂ ਦੀ ਰੁਚੀ ਅਨੁਸਾਰ ਕਰੀਅਰ ਚੁਣਨ ਲਈ ਦਿਸ਼ਾ ਨਿਰਦੇਸ਼ ਦੇਣ ਦੇ ਉਦੇਸ਼ ਤਹਿਤ ਕਰਵਾਇਆ ਗਿਆ। ਡੀਐੱਸਪੀ ਰਾਜਪੁਰਾ ਬਿਕਰਮਜੀਤ ਸਿੰਘ ਬਰਾੜ ਸੈਸ਼ਨ ਵਿਚ ਮੁੱਖ ਮਹਿਮਾਨ ਵਜੋਂ ਪਹੁੰਚੇ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਕ੍ਰੈਕ ਅਕੈਡਮੀ ਦੇ ਸੀਈਓ ਤੇ ਫਾਊਂਡਰ ਨੀਰਜ ਕੰਸਲ ਨੇ ਆਪਣੇ ਤਜਰਬੇ ਨੂੰ ਸਾਂਝਾ ਕਰਦਿਆਂ ਦੱਸਿਆ ਕਿ ਕਿਵੇਂ ਉਹ ਇੱਕ ਸਿਵਲ ਇੰਜਨੀਅਰ ਗੋਲਡ ਮੈਡਲਿਸਟ ਤੋਂ ਇੱਕ 20 ਸਾਲ ਦੇ ਤਜਰਬੇ ਕਾਰ ਉਦਯੋਗਪਤੀ ਬਣੇ। ਕ੍ਰੈਕ ਅਕਾਦਮੀ ਦੇ ਕੋ-ਫਾਊਂਡਰ ਰਿਸ਼ੀ ਭਾਰਗਵ ਨੇ ਮੁਕਾਬਲੇ ਦੀ ਪ੍ਰੀਖਿਆ ਦੀ ਤਿਆਰੀ ਬਾਰੇ ਡੂੰਘਾਈ ਨਾਲ ਦੱਸਿਆ। ਇਸ ਮੌਕੇ ਕੁਝ ਵਿਦਿਆਰਥੀਆਂ ਨੇ ਆਪਣੇ ਵਿਚਾਰ ਵੀ ਸਾਂਝੇ ਕੀਤੇ। 11ਵੀਂ ਦੇ ਵਿਦਿਆਰਥੀ ਅਭਿਨਵ ਚਾਵਲਾ ਅਤੇ ਮਾਨਿਆ ਨੇ ਕਿਹਾ ਕਿ ਇਸ ਸੈਸ਼ਨ ਵਿਚ ਉਸ ਨੂੰ ਆਪਣੇ ਕਰੀਅਰ ਵਿਚ ਸਹੀ ਮਾਰਗ ਮਿਲਿਆ ਹੈ। ਇਸ ਮੌਕੇ ਵਿਦਿਆਰਥੀਆਂ ਨੇ ਵੱਖ-ਵੱਖ ਪ੍ਰਸ਼ਨ ਕੀਤੇ, ਜਿਨ੍ਹਾਂ ਦੇ ਮਹਿਰਾਂ ਨੇ ਸੰਜੀਦਗੀ ਨਾਲ ਉਤਰ ਦਿੱਤੇ।

ਗੁਰਮੀਤ ਸਿੰਘ ਖੁੱਡੀਆਂ ਵੱਲੋਂ ਮਾਨਸਾ ਜ਼ਿਲ੍ਹੇ ਵਿੱਚ ਨਰਮੇ ਦੀ ਫ਼ਸਲ ਦਾ ਜਾਇਜ਼ਾ

ਚੰਡੀਗੜ੍ਹ, 6 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਨਰਮੇ ਦੀ ਫ਼ਸਲ 'ਤੇ ਕੀਟਾਂ ਦੇ ਹਮਲੇ ਸਬੰਧੀ ਜ਼ਮੀਨੀ ਪੱਧਰ ਉੱਤੇ ਸਥਿਤੀ ਜਾਣਨ ਲਈ ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਮਾਨਸਾ ਜ਼ਿਲ੍ਹੇ ਦੇ ਕੁੱਝ ਪਿੰਡਾਂ ਦਾ ਦੌਰਾ ਕਰਕੇ ਨਰਮੇ ਦੇ ਖੇਤਾਂ ਦੀ ਸਥਿਤੀ ਦਾ ਜਾਇਜ਼ਾ ਲਿਆ।

ਸ. ਗੁਰਮੀਤ ਸਿੰਘ ਖੁੱਡੀਆਂ ਨੇ ਆਮ ਆਦਮੀ ਪਾਰਟੀ, ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਬੁਢਲਾਡਾ ਤੋਂ ਵਿਧਾਇਕ ਪ੍ਰਿੰਸੀਪਲ ਬੁੱਧਰਾਮ, ਸਰਦੂਲਗੜ੍ਹ ਤੋਂ ਵਿਧਾਇਕ ਗੁਰਪ੍ਰੀਤ ਸਿੰਘ ਬਨਾਵਾਲੀ ਅਤੇ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਸਮੇਤ ਇਸ ਜ਼ਿਲ੍ਹੇ ਦੇ ਪਿੰਡਾਂ ਰਾਮਨਗਰ ਭੱਠਲ, ਝੁਨੀਰ ਅਤੇ ਖਿਆਲੀ ਚਹਿਲਾਂ ਵਾਲੀ ਵਿਖੇ ਨਰਮੇ ਦੇ ਖੇਤਾਂ ਦਾ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਖੇਤੀਬਾੜੀ ਵਿਭਾਗ ਦੀਆਂ ਟੀਮਾਂ ਵੱਲੋਂ ਹਾਲ ਹੀ ਵਿੱਚ ਮਾਨਸਾ ਜ਼ਿਲ੍ਹੇ 'ਚ 198 ਥਾਵਾਂ ਉੱਤੇ ਸਰਵੇਖਣ ਕੀਤਾ ਗਿਆ ਹੈ ਅਤੇ ਹੁਣ ਤੱਕ ਗੁਲਾਬੀ ਸੁੰਡੀ ਦਾ ਕੋਈ ਵੀ

ਹੌਟਸਪੌਟ ਸਾਹਮਣੇ ਨਹੀਂ ਆਇਆ ਹੈ। ਚਿੱਟੀ ਮੱਖੀ ਦੇ ਨੁਕਸਾਨ ਸਬੰਧੀ ਈਕੋਨੋਮਿਕ ਥ੍ਰੈਸ਼ਹੋਲਡ ਲੈਵਲ (ਈ.ਟੀ.ਐਲ.) ਤੋਂ ਉੱਪਰ ਵਾਲੇ ਸਿਰਫ਼ ਤਿੰਨ ਸਥਾਨ ਪਾਏ ਗਏ ਹਨ।

ਉਨ੍ਹਾਂ ਦੱਸਿਆ ਕਿ ਨਰਮੇ ਦੀ ਫ਼ਸਲ ਨੂੰ ਕੀਟਾਂ ਦੇ ਹਮਲੇ ਤੋਂ ਬਚਾਉਣ ਲਈ ਇਸ ਦੇ ਨਿਰੰਤਰ ਸਰਵੇਖਣ ਲਈ ਸੰਯੁਕਤ ਡਾਇਰੈਕਟਰ ਰੈਂਕ ਦੇ ਦੋ ਅਧਿਕਾਰੀਆਂ ਦੀ ਨਿਗਰਾਨੀ ਹੇਠ 128 ਸਰਵੇਖਣ ਟੀਮਾਂ ਦਾ ਗਠਨ ਕੀਤਾ ਗਿਆ ਹੈ। ਇਨ੍ਹਾਂ ਟੀਮਾਂ ਵੱਲੋਂ ਮੁਕਤਸਰ, ਫਾਜ਼ਿਲਕਾ, ਫਰੀਦਕੋਟ, ਮੋਗਾ, ਬਠਿੰਡਾ, ਮਾਨਸਾ, ਬਰਨਾਲਾ ਅਤੇ ਸੰਗਰੂਰ ਜ਼ਿਲ੍ਹਿਆਂ ਵਿੱਚ ਨਰਮੇ ਦੀ ਫ਼ਸਲ ਦਾ ਸਰਵੇਖਣ ਕੀਤਾ ਜਾ ਰਿਹਾ ਹੈ।

ਖੇਤੀਬਾੜੀ ਮੰਤਰੀ ਨੇ ਅੱਗੇ ਦੱਸਿਆ ਕਿ ਬਠਿੰਡਾ ਜ਼ਿਲ੍ਹੇ ਵਿੱਚ 52 ਟੀਮਾਂ ਵੱਲੋਂ 274 ਖੇਤਾਂ ਦਾ ਸਰਵੇਖਣ ਕੀਤਾ ਗਿਆ ਜਦੋਂਕਿ ਫਾਜ਼ਿਲਕਾ ਜ਼ਿਲ੍ਹੇ ਵਿੱਚ 15 ਪੈਸਟ ਸਰਵੇਲੈਂਸ ਟੀਮਾਂ ਵੱਲੋਂ 126 ਖੇਤਾਂ ਦਾ ਸਰਵੇਖਣ ਕੀਤਾ ਗਿਆ ਅਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿੱਚ 27 ਸਰਵੇਲੈਂਸ ਟੀਮਾਂ ਵੱਲੋਂ 163 ਖੇਤਾਂ ਦਾ ਅਤੇ ਮਾਨਸਾ ਜ਼ਿਲ੍ਹੇ ਵਿੱਚ 13 ਟੀਮਾਂ ਵੱਲੋਂ 198 ਖੇਤਾਂ ਵਿੱਚ ਸਰਵੇਖਣ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਨ੍ਹਾਂ ਟੀਮਾਂ ਵੱਲੋਂ ਪੂਰੇ ਧਿਆਨ ਨਾਲ ਨਿਰੰਤਰ ਸਰਵੇਖਣ ਕੀਤਾ ਜਾ ਰਿਹਾ ਹੈ ਅਤੇ ਲੋੜ ਪੈਣ 'ਤੇ ਕਿਸਾਨਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.) ਵੱਲੋਂ ਸਿਫ਼ਾਰਸ਼ ਕੀਤੇ ਕੀਟਨਾਸ਼ਕਾਂ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਜਾ ਰਹੀ ਹੈ।

ਉਨ੍ਹਾਂ ਕਿਹਾ ਕਿ ਨਰਮਾ ਪੱਟੀ ਦੇ ਕਿਸਾਨਾਂ ਨੂੰ ਫ਼ਸਲ ਦੇ ਝਾੜ ਨੂੰ ਵਧਾਉਣ ਅਤੇ ਚਿੱਟੀ ਮੱਖੀ ਦੇ ਹਮਲੇ ਨੂੰ ਰੋਕਣ ਲਈ ਫ਼ਸਲ ਦੀ ਸਿੰਜਾਈ ਕਰਨ ਲਈ ਲਗਾਤਾਰ ਸਲਾਹ ਦਿੱਤੀ ਜਾ ਰਹੀ ਹੈ। ਖੁੱਡੀਆਂ ਨੇ ਦੱਸਿਆ ਕਿ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਨਰਮੇ ਦੇ ਖੇਤਾਂ ਦਾ ਨਿਯਮਤ ਸਰਵੇਖਣ ਕਰਨ ਦੇ ਨਾਲ ਨਾਲ ਜਿੱਥੇ ਵੀ ਲੋੜ ਹੋਵੇ, ਆਪਣੀ ਮੌਜੂਦਗੀ ਵਿੱਚ ਸਿਫਾਰਸ਼ ਕੀਤੇ ਕੀਟਨਾਸ਼ਕਾਂ ਦੀ ਵਰਤੋਂ ਨੂੰ ਯਕੀਨੀ ਬਣਵਾਉਣ।

ਸਫਾਈ ਸੇਵਕ ਐਂਡ ਅਦਰ ਵਰਕਰ ਯੂਨੀਅਨ ਸਨੌਰ ਵੱਲੋ ਦਿੱਤਾ ਗਿਆ ਮੰਗ ਪੱਤਰ

ਸਨੌਰ, 6 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਫਾਈ ਸੇਵਕ ਐਂਡ ਅਦਰ ਵਰਕਰ ਯੂਨੀਅਨ ਰਜਿਸਟਰ ਨੰਬਰ 4 ਨਗਰ ਕੌਂਸਲ ਸਨੌਰ ਪ੍ਰਧਾਨ ਨੰਦ ਲਾਲ ਟਾਂਕ ਜੀ ਦੀ ਅਗਵਾਈ ਵਿੱਚ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਇੱਕ ਮੰਗ ਪੱਤਰ ਕਾਰਜ ਸਾਧਕ ਅਫਸਰ ਸਰਦਾਰ ਲਖਬੀਰ ਸਿੰਘ ਜੀ ਨੂੰ ਦਿੱਤਾ ਗਿਆ ਮੁੱਖ ਮੰਗਾਂ ਬਰਸਾਤ ਦਾ ਮੌਸਮ ਹੋਣ ਕਰਕੇ ਮੁਲਾਜ਼ਮਾਂ ਨੂੰ ਬਰਸਾਤੀਆਂ ਦਿੱਤੀਆਂ ਜਾਣ ਅਤੇ 16 ਅਗਸਤ ਦੇ ਮੌਕੇ ਦੇ ਸਾਰੇ ਮੁਲਾਜ਼ਮਾਂ ਨੂੰ ਵਰਦੀ ਬੂਟ ਆਦੀ ਦਿੱਤੇ ਜਾਣ ਅਤੇ ਆਊਟਸੋਰਸ ਸਫਾਈ ਕਰਮਚਾਰੀਆਂ ਨੂੰ ਅਤੇ ਦਫਤਰੀ ਕਰਮਚਾਰੀ ਨੂੰ ਆਈ ਕਾਰਡ ਬਣਾ ਕੇ ਦਿੱਤੇ ਜਾਣ ਮੁੱਖ ਮੰਗਾਂ ਸਨ ਅਤੇ ਕਾਰਜ ਸਾਧਕ ਅਫਸਰ ਵੱਲੋਂ ਵਿਸ਼ਵਾਸ ਦਵਾਇਆ ਗਿਆ ਕਿ ਸਫਾਈ ਕਰਮਚਾਰੀਆਂ ਦੀਆਂ ਸਾਰੀਆਂ ਜਾਇਜ਼ ਮੰਗਾਂ ਜਲਦ ਤੋਂ ਜਲਦ ਪੂਰੀਆਂ ਕੀਤੀਆਂ ਜਾਣਗੀਆਂ ਇਸ ਮੌਕੇ ਤੇ ਮੀਤ ਪ੍ਰਧਾਨ ਵਰੁਣ ਕੁਮਾਰ ਸੈਕਟਰੀ ਰਕੇਸ਼ ਕੁਮਾਰ ਬੱਬੂ ਕੈਸ਼ੀਅਰ ਦੀਪਕ ਕੁਮਾਰ ਦਵਿੰਦਰ ਸਿੰਘ ਮੇਟ ਸੁੰਦਰ ਵਿੱਕੀ ਅਟਵਾਲ ਰਹੀਮ ਕੁਮਾਰ ਸੋਨੂ ਨਰਿੰਦਰ ਸਿੰਘ ਕੰਬੋਜ ਅਤੇ ਸਫਾਈ ਸੇਵਕ ਯੂਨੀਅਨ ਦੇ ਸਾਰੇ ਮੈਂਬਰ ਸਾਹਿਬਾਨ ਹਾਜ਼ਰ ਸਨ ।

ਮੁੱਖ ਮੰਤਰੀ ਵੱਲੋਂ ਆਸਟ੍ਰੇਲੀਆ ਵਿਰੁੱਧ ਸ਼ਾਨਦਾਰ ਜਿੱਤ ਲਈ ਭਾਰਤੀ ਹਾਕੀ ਟੀਮ ਨੂੰ ਵਧਾਈ

ਚੰਡੀਗੜ੍ਹ, 6 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੈਰਿਸ ਵਿਖੇ ਚੱਲ ਰਹੀਆਂ ਓਲੰਪਿਕ ਖੇਡਾਂ ਵਿੱਚ ਅੱਜ ਆਸਟਰੇਲੀਆ ਖ਼ਿਲਾਫ਼ ਇਤਿਹਾਸਕ ਜਿੱਤ ਦਰਜ ਕਰਨ ਲਈ ਭਾਰਤੀ ਹਾਕੀ ਟੀਮ ਨੂੰ ਵਧਾਈ ਦਿੱਤੀ ਹੈ।

ਅਪਣੇ ਸੰਦੇਸ਼ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਭਾਰਤ ਨੇ 52 ਸਾਲਾਂ ਦੇ ਵਕਫ਼ੇ ਤੋਂ ਬਾਅਦ ਆਸਟਰੇਲੀਆਈ ਟੀਮ ਨੂੰ ਹਰਾਇਆ ਹੈ। ਉਨ੍ਹਾਂ ਕਿਹਾ ਕਿ ਇਹ ਬੜੇ ਮਾਣ ਅਤੇ ਸੰਤੁਸ਼ਟੀ ਵਾਲੀ ਗੱਲ ਹੈ ਕਿ ਭਾਰਤ ਨੇ ਆਸਟਰੇਲੀਆ ਨੂੰ 3-2 ਨਾਲ ਪਛਾੜਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕਪਤਾਨ ਹਰਮਨਪ੍ਰੀਤ ਸਿੰਘ ਨੇ ਇਸ ਅਹਿਮ ਮੈਚ ਵਿ

ਸੰਪਾਦਕੀ

ਆਧੁਨਿਕ ਤਕਨੀਕੀ ਯੁੱਗ ਵਿੱਚ ਸੂਚਨਾ ਤਕਨੀਕ

ਆਧੁਨਿਕ ਤਕਨੀਕੀ ਯੁੱਗ ਵਿੱਚ ਸੂਚਨਾ ਤਕਨੀਕ ਇੰਨੀ ਤੇਜ਼ੀ ਨਾਲ ਤਬਦੀਲ ਹੋ ਰਹੀ ਹੈ ਕਿ ਦੋ ਤਿੰਨ ਸਾਲਾਂ ਬਾਅਦ ਹੀ ਵਰਤੇ ਜਾ ਰਹੇ ਜੰਤਰ ਜਾਂ ਡਿਵਾਈਸ ਪੁਰਾਣੇ ਲੱਗਣ ਲੱਗਦੇ ਹਨ। ਉਨ੍ਹਾਂ ਦੇ ਚੱਲਣ ਅਤੇ ਕੰਮ ਕਰਨ ਦੀ ਗਤੀ ਹੌਲੀ ਪੈਣ ਲੱਗਦੀ ਹੈ। ਮੋਬਾਇਲ, ਕੰਪਿਊਟਰ ਤੇ ਲੈਪਟਾਪ ਇਸ ਦੀਆਂ ਉਦਾਹਰਨਾਂ ਹਨ। ਸੂਚਨਾ ਤਕਨੀਕ ਦਾ ਵਿਕਾਸ ਇੰਨਾ ਜਿ ?ਆਦਾ ਤੇ ਉੱਚ ਪੱਧਰ ਦਾ ਹੋ ਗਿਆ ਹੈ ਕਿ ਇਸ ਨੇ ਹਰ ਪ੍ਰਕਾਰ ਦੀ ਦੂਰੀ ਖਤਮ ਕਰ ਦਿੱਤੀ ਹੈ। ਦੋਸਤਾਂ ਮਿੱਤਰਾਂ ਨਾਲ ਗੱਲ ਕਰਦੇ ਹੋਏ ਅਨੇਕ ਪ੍ਰਕਾਰ ਦੀ ਨਿਜੀ ਜਾਣਕਾਰੀ ਵੀ ਸਾਂਝੀ ਕਰ ਲੈਂਦੇ ਹਾਂ। ਇਕ ਦੂਜੇ ਨਾਲ ਆਪਣੀਆਂ ਨਿਜੀ ਫੋਟੋਆਂ ਵੀ ਸਾਂਝੀਆਂ ਕਰਦੇ ਹਾਂ। ਕੀ ਅਜੋਕੀ ਸੂਚਨਾ ਤਕਨੀਕ ਦੀ ਵਰਤੋਂ ਕਰਦੇ ਹੋਏ ਅਸੀਂ ਆਪਣੇ ਆਪ ਨੂੰ ਕਿਸੇ ਅਣਚਾਹੀ ਅਤੇ ਅਣਕਿਆਸੀ ਸਥਿਤੀ ਵਿੱਚ ਤਾਂ ਨਹੀਂ ਧੱਕ ਰਹੇ ? ਦੋਸਤਾਂ ਮਿੱਤਰਾਂ ਨਾਲ ਆਪਣੀ ਗੱਲ ਸਾਂਝੀ ਕਰਦੇ ਹੋਏ ਇਸ ਦੀ ਜਾਣਕਾਰੀ ਕਿਸੇ ਹੋਰ ਏਜੰਸੀ ਕੋਲ ਇਕੱਠੀ ਤਾਂ ਨਹੀਂ ਹੋ ਰਹੀ ? ਸਾਡੀ ਮਨੋਵਿਗਿਆਨਕ ਸਥਿਤੀ ਦਾ ਨਜਾਇਜ਼ ਫਾਇਦਾ ਤਾਂ ਨਹੀਂ ਉਠਾਇਆ ਜਾ ਰਿਹਾ ? ਇਹ ਕੁਝ ਸਵਾਲ ਹਨ ਜਦੋਂ ਕਿਸੇ ਨਾਲ ਵਟਸਐੱਪ, ਫੇਸਬੁੱਕ ਜਾਂ ਕਿਸੇ ਹੋਰ ਹੈਂਡਲ ਜ਼ਰੀਏ ਆਪਣੀ ਕਿਸੇ ਵੀ ਪ੍ਰਕਾਰ ਦੀ ਸੂਚਨਾ ਸਾਂਝੀ ਕਰਦੇ ਹਾਂ ਤਾਂ ਅੱਗੇ ਤੋਂ ਅੱਗੇ ਉਸੇ ਪ੍ਰਕਾਰ ਦੀ ਯੂਟਿਊਬ, ਮਸ਼ਹੂਰੀਆਂ ਜਾਂ ਫੋਟੋਆਂ ਆਦਿ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਹ ਸਾਰਾ ਕੁਝ ਕਿਵੇਂ ਵਾਪਰ ਰਿਹਾ ਹੈ ? ਕੀ ਸਾਡੀ ਗੱਲਬਾਤ ਨੂੰ ਕੋਈ ਏਜੰਸੀ ਮੌਨਿਟਰ ਕਰ ਰਹੀ ਹੈ ? ਡੇਟਾ ਇਕੱਠਾ ਕਰ ਰਹੀ ਹੈ ? ਜਾਂ ਸਾਡੇ ਬਾਰੇ ਵਿਅਕਤੀਗਤ ਜਾਣਕਾਰੀ ਹਾਸਿਲ ਕਰ ਲਈ ਹੈ ਕਿ ਅਸੀਂ ਕਿਸ ਖਿੱਤੇ ਤੇ ਕਿੱਤੇ ਤੋਂ ਹਾਂ, ਕਿਸ ਪ੍ਰਕਾਰ ਦੇ ਕੰਮ ਕਾਜ ਜਾਂ ਕਾਰਵਾਈਆਂ ਆਦਿ ਕਰਦੇ ਹਾਂ ਤੇ ਬੜਾ ਕੁਝ ਹੋਰ। ਇਸ ਲਈ ਅੱਜ ਵਰਤੋਂਕਾਰ ਰਾਜ਼ਦਾਰੀ ਨੀਤੀ (User Privacy Policy) ਵਿੱਚ ਸੁਧਾਰ ਦੀ ਲੋੜ ਹੈ। ਵਟਸਐੱਪ ਰਾਹੀਂ ਵਿਅਕਤੀਗਤ ਜਾਣਕਾਰੀ ਕੌਣ ਭੇਜ ਰਿਹਾ ਹੈ ਤੇ ਕਿਸ ਨੂੰ ਭੇਜ ਰਿਹਾ ਹੈ, ਇਹ ਕੇਵਲ ਤੇ ਕੇਵਲ ਦੋਹਾਂ ਵਿਚਾਲ ਹੀ ਰਹੇ, ਇਹ ਯਕੀਨੀ ਬਣਾਉਣ ਵਾਸਤੇ ਹੀ ਪ੍ਰੋਗਰਾਮ ਇਜਾਦ ਕੀਤਾ ਗਿਆ ਜਿਸ ਨੂੰ ਐਂਡ-ਟੂ-ਐਂਡ ਐਨਕ੍ਰਿਪਸ਼ਨ ਕਿਹਾ ਜਾਂਦਾ ਹੈ। ਇਹ ਉੱਚ ਪਧਰੀ ਸੁਰੱਖਿਆ ਪ੍ਰਣਾਲੀ ਹੈ ਜਿਸ ਦੀ ਵਰਤੋਂ ਖਾਸ ਤੌਰ 'ਤੇ ਵਟਸਐੱਪ ਰਾਹੀਂ ਸੰਦੇਸ਼ ਭੇਜਣ ਲਈ ਕੀਤੀ ਜਾਂਦੀ ਹੈ। ਇਹ ਐਨਕ੍ਰਿਪਸ਼ਨ ਵਿਧੀ ਯਕੀਨੀ ਬਣਾਉਂਦੀ ਹੈ ਕਿ ਸਿਰਫ ਸੰਦੇਸ਼ ਭੇਜਣ ਵਾਲਾ ਤੇ ਸੰਦੇਸ਼ ਪ੍ਰਾਪਤ ਕਰਨ ਵਾਲਾ ਹੀ ਇਸ ਨੂੰ ਪੜ੍ਹ ਸਕਦਾ ਹੈ, ਹੋਰ ਕੋਈ ਨਹੀਂ। ਖੁ ?ਦ ਵਟਸਐੱਪ ਵੀ ਇਸ ਨੂੰ ਨਹੀਂ ਪੜ੍ਹ ਸਕਦਾ। ਸੁਆਲ ਪੈਦਾ ਹੁੰਦਾ ਹੈ ਕਿ ਇਹ ਪ੍ਰਣਾਲੀ ਕਿਵੇਂ ਕੰਮ ਕਰਦੀ ਹੈ ? ਇਸ ਪ੍ਰਣਾਲੀ ਤਹਿਤ ਜਦੋਂ ਸੰਦੇਸ਼ ਭੇਜਿਆ ਜਾਂਦਾ ਹੈ ਤਾਂ ਭੇਜਣ ਵਾਲੇ ਦੀ ਡਿਵਾਈਸ ਦੇ ਸੰਦੇਸ਼ ਨੂੰ ਵਿਲੱਖਣ ਕੁੰਜੀ ਦੀ ਵਰਤੋਂ ਨਾਲ ਤਾਲਾ ਲਾਇਆ ਜਾਂਦਾ ਹੈ; ਜਾਂ ਤਕਨੀਕੀ ਭਾਸ਼ਾ ਵਿੱਚ ਇਸ ਨੂੰ ਐਨਕ੍ਰਿਪਟ ਕੀਤਾ ਜਾਂਦਾ ਹੈ ਜਿਸ ਨੂੰ ਕੇਵਲ ਸੰਦੇਸ਼ ਪ੍ਰਾਪਤ ਕਰਨ ਵਾਲੇ ਦੀ ਡਿਵਾਈਸ ਦੁਆਰਾ ਹੀ ਉਸ ਦੀ ਵਿਲੱਖਣ ਕ੍ਰਿਪਟੋਗ੍ਰਾਫਿਕ ਕੁੰਜੀ ਦੁਆਰਾ ਡੀਕ੍ਰਿਪਟ ਕੀਤਾ ਜਾ ਸਕਦਾ ਹੈ। ਇੰਝ ਇਹ ਸੰਦੇਸ਼ ਭਾਵੇਂ ਵਟਸਐੱਪ ਦੇ ਕੰਪਿਊਟਰਾਂ ਰਾਹੀਂ ਜਾਂਦਾ ਹੈ ਪਰ ਇਸ ਸੁਰੱਖਿਆ ਪ੍ਰਣਾਲੀ ਤਹਿਤ ਇਹ ਐਨਕ੍ਰਿਪਟਿਡ ਰਹਿੰਦਾ ਹੈ। ਭੇਜਣ ਅਤੇ ਪ੍ਰਾਪਤ ਕਰਨ ਵਾਲੇ ਤੋਂ ਇਲਾਵਾ ਕਿਸੇ ਹੋਰ ਲਈ ਇਸ ਨੂੰ ਪ੍ਰਾਪਤ ਕਰਨਾ ਅਸੰਭਵ ਹੁੰਦਾ ਹੈ। ਇਸ ਪ੍ਰਕਾਰ ਵਿਅਕਤੀਗਤ ਨਿੱਜਤਾ ਬਰਕਰਾਰ ਰਹਿੰਦੀ ਹੈ ਪਰ ਜਦੋਂ ਕਿਸੇ ਤਕਨੀਕ ਦਾ ਦੁਰਉਪਯੋਗ ਹੋਣ ਲੱਗਦਾ ਹੈ ਤਾਂ ਉਸ ਬਾਰੇ ਸਭ ਨੂੰ ਸੁਚੇਤ ਹੋਣ ਦੀ ਜ਼ਰੂਰਤ ਹੁੰਦੀ ਹੈ। ਇਸ ਸੁਰੱਖਿਆ ਪ੍ਰਣਾਲੀ ਦੀ ਵਰਤੋਂ ਜਦੋਂ ਲੁੱਟਾਂ ਖੋਹਾਂ ਕਰਨ ਵਾਲੇ ਗਰੋਹ, ਲੁਟੇਰੇ ਜਾਂ ਹੋਰ ਸਮਾਜ ਵਿਰੋਧੀ ਅਨਸਰ ਕਰਦੇ ਹਨ ਤਾਂ ਇਹ ਸਮਾਜ ਨੂੰ ਹੀ ਨਹੀਂ ਸਗੋਂ ਦੇਸ਼ ਦੀ ਸੁਰੱਖਿਆ ਨੂੰ ਵੀ ਖਤਰੇ ਵਿੱਚ ਪਾ ਸਕਦੀ ਹੈ। ਕਿਸ ਥਾਂ 'ਤੇ ਬੰਬ ਰੱਖਿਆ ਹੈ, ਰੇਲ ਪਟੜੀ ਜਾਂ ਪੁਲ ਉਡਾਉਣਾ ਹੈ, ਬੈਂਕ ਡਕੈਤੀ ਕਰਨੀ ਹੈ, ਇਸ ਬਾਰੇ ਪਹਿਲਾਂ ਤੋਂ ਜਾਣਕਾਰੀ ਪ੍ਰਾਪਤ ਕਰਨੀ ਅਸੰਭਵ ਹੋ ਜਾਂਦੀ ਹੈ, ਜਦੋਂ ਗੱਲਬਾਤ ਜਾਂ ਸੰਦੇਸ਼ ਇਸ ਪ੍ਰਣਾਲੀ ਦੀ ਵਰਤੋਂ ਕਰਦੇ ਹੋਏ ਭੇਜਿਆ ਤੇ ਪ੍ਰਾਪਤ ਕੀਤਾ ਜਾਂਦਾ ਹੈ। ਸੋ, ਇਸ ਸਿਸਟਮ ਦੀਆਂ ਚੁਣੌਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਭਾਰਤ ਸਰਕਾਰ ਨੇ ਵਟਸਐੱਪ ਦੀਆਂ ਕਈ ਸੇਵਾਵਾਂ 'ਤੇ ਇਤਰਾਜ਼ ਪ੍ਰਗਟ ਕੀਤਾ ਹੈ। ਇਸ ਵਿੱਚ ਵਿਸ਼ੇਸ਼ ਤੌਰ ਤੇ ਐਂਡ-ਟੂ-ਐਂਡ ਐਨਕ੍ਰਿਪਸ਼ਨ ਅਤੇ ਇਸ ਨਾਲ ਸਬੰਧਿਤ ਪੁਣ-ਛਾਣ/ਟ੍ਰੇਸਿਬਿਲਟੀ ਦਾ ਸਵਾਲ ਹੈ। ਭਾਰਤ ਸਰਕਾਰ ਦੇ ਇਲੈਕਟ੍ਰੋਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲਿਆਂ ਨੇ ਖ਼ਦਸ਼ਾ ਜਤਾਇਆ ਹੈ ਕਿ ਵਟਸਐੱਪ ਦੀ ਪੇਰੈਂਟ ਕੰਪਨੀ 'ਮੈਟਾ' ਵਰਤੋਂਕਾਰਾਂ ਦੇ ਡੇਟੇ ਦਾ ਗਲਤ ਉਪਯੋਗ ਕਰ ਸਕਦੀ ਹੈ। ਇਸ ਤਰ੍ਹਾਂ ਕਰਨਾ ਵੀ ਵਿਅਕਤੀਗਤ ਨਿੱਜਤਾ ਅਤੇ ਸੀਕਰੇਸੀ ਦੇ ਨਿਯਮਾਂ ਦੀ ਉਲੰਘਣਾ ਹੈ; ਨਾਲ ਹੀ ਕਿਸੇ ਵਰਤੋਂਕਾਰ ਦੀ ਸਿ ?ਕਾਇਤ ਦਾ ਨਿਬੇੜਾ ਉਸੇ ਦੇਸ਼ ਵਿੱਚ ਕਰਨ ਤੋਂ ਇਨਕਾਰੀ ਵਰਤੋਂਕਾਰ ਦੇ ਅਧਿਕਾਰਾਂ ਦੀ ਉਲੰਘਣਾ ਹੈ। ਅੱਜ ਦੇ ਸਮੇਂ ਦੌਰਾਨ ਸੋਸ਼ਲ ਮੀਡੀਆ ਦੇ ਵਧ ਰਹੇ ਪ੍ਰਭਾਵ ਅਤੇ ਇਸ ਨਾਲ ਆ ਰਹੀਆਂ ਦਿੱਕਤਾਂ ਨੂੰ ਦੇਖਦੇ ਹੋਏ ਭਾਰਤ ਸਰਕਾਰ ਚਿੰਤਤ ਹੈ। ਇਸ ਦੀ ਗੰਭੀਰਤਾ ਨੂੰ ਸਮਝਦੇ ਹੋਏ ਪਹਿਲਾਂ ਤੋਂ ਚੱਲ ਰਹੇ ਸੂਚਨਾ ਤਕਨਾਲੋਜੀ ਕਾਨੂੰਨ-2020 ਵਿੱਚ ਕੁਝ ਤਬਦੀਲੀਆਂ ਕੀਤੀਆਂ ਗਈਆਂ ਜਿਨ੍ਹਾਂ ਨੂੰ ਸੂਚਨਾ ਤਕਨਾਲੋਜੀ ਕਾਨੂੰਨ-2021 ਦੇ ਨਾਮ ਹੇਠ 25 ਫਰਵਰੀ 2021 ਨੂੰ ਲਾਗੂ ਕਰ ਦਿੱਤਾ ਗਿਆ। ਇਹ ਕਾਨੂੰਨ ਸੰਦੇਸ਼ ਭੇਜਣ ਵਾਲੀਆਂ ਸੇਵਾਵਾਂ ਮੁਹੱਈਆ ਕਰਦੀਆਂ ਵਿਚੋਲਾ ਕੰਪਨੀਆਂ 'ਤੇ ਲਾਗੂ ਹੁੰਦਾ ਹੈ ਜਿਨ੍ਹਾਂ ਵਿੱਚ ਟਵਿਟਰ (ਹੁਣ ਐਕਸ), ਵਟਸਐਪ ਆਦਿ ਅਹਿਮ ਹਨ। ਇਹ 'ਵਿਚੋਲਾ ਦਿਸ਼ਾ ਨਿਰਦੇਸ਼ ਅਤੇ ਡਿਜੀਟਲ ਮੀਡੀਆ ਨੈਤਿਕਤਾ ਕੋਡ-2021' ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਸ ਕਾਨੂੰਨ ਦੇ ਉਪ ਧਾਰਾ 4(2) ਅਨੁਸਾਰ, ਇਸ ਦਾ ਸਬੰਧ ਸੋਸ਼ਲ ਮੀਡੀਆ ਤੇ ਸੰਦੇਸ਼ ਦੀ ਸ਼ੁਰੂਆਤ ਕਰਨ ਵਾਲੇ ਦੀ ਪਛਾਣ, ਕਿਸੇ ਸਮਰੱਥ ਅਧਿਕਾਰੀ ਜਾਂ ਅਦਾਲਤ ਦੇ ਆਦੇਸ਼ਾਂ ਤਹਿਤ ਕੋਈ ਜਾਣਕਾਰੀ ਮੰਗਣ ਅਤੇ ਸੂਚਨਾ ਤਕਨਾਲੋਜੀ ਕਾਨੂੰਨ-2000 ਦੀ ਧਾਰਾ 69 ਅਧੀਨ ਜਾਣਕਾਰੀ ਦੇਣ ਲਈ ਯਕੀਨੀ ਬਣਾਉਣ ਬਾਰੇ ਹੈ। ਇਹ ਭਾਰਤ ਦੀ ਅਖੰਡਤਾ, ਕੌਮੀ ਸੁਰੱਖਿਆ, ਮੁਲਕ ਦੇ ਦੂਜੇ ਦੇਸ਼ਾਂ ਨਾਲ ਸਬੰਧਾਂ ਅਤੇ ਸੁਤੰਤਰਤਾ ਬਣਾਈ ਰੱਖਣ ਦੇ ਉਦੇਸ਼ ਨਾਲ ਅਤੇ ਲੋਕਾਂ ਨੂੰ ਭੜਕਾਉਣ ਸਬੰਧੀ ਸਮੱਗਰੀ ਫੈਲਾਉਣ ਬਾਰੇ ਸੰਦੇਸ਼ ਦੀ ਸ਼ੁਰੂਆਤ ਕਰਨ ਵਾਲੇ ਦੀ ਪਛਾਣ ਦੀ ਜਾਣਕਾਰੀ ਮੰਗਣ ਉੱਤੇ ਮੁਹੱਈਆ ਕਰਵਾਉਣੀ ਯਕੀਨੀ ਬਣਾਉਣ ਬਾਰੇ ਹੈ। ਭਾਰਤ ਸਰਕਾਰ ਅਤੇ ਵਟਸਐੱਪ ਦੀ ਪੇਰੈਂਟ ਕੰਪਨੀ 'ਮੈਟਾ' ਦੀ ਤਕਰਾਰ 2021 ਤੋਂ ਸ਼ੁਰੂ ਹੁੰਦੀ ਹੈ ਜਦੋਂ ਤੋਂ ਸਰਕਾਰ ਨੇ ਸੂਚਨਾ ਤਕਨਾਲੋਜੀ ਕਾਨੂੰਨ-2021 ਲਾਗੂ ਕੀਤਾ ਹੈ। ਇਸ ਨਵੇਂ ਵਿਵਾਦ ਵਿੱਚ ਮੈਟਾ ਨੇ ਭਾਰਤ ਸਰਕਾਰ ਖਿਲਾਫ ਅਦਾਲਤ ਦਾ ਦਰਵਾਜ਼ਾ ਖੜਕਾਇਆ। ਅਦਾਲਤ ਵਿੱਚ ਇਸ ਬਾਰੇ ਬਹਿਸ 22 ਮਾਰਚ 2024 ਨੂੰ ਹੋਈ। ਵਟਸਐੱਪ ਦੁਆਰਾ ਸਰਕਾਰ ਦੇ ਫੈਸਲੇ ਨੂੰ ਚੁਣੌਤੀ ਦਿੰਦੇ ਹੋਏ ਕਿਹਾ ਗਿਆ ਕਿ ਜੇ ਉਹ ਐਂਡ-ਟੂ-ਐਂਡ ਐਨਕ੍ਰਿਪਸ਼ਨ ਤੋੜ ਦੇਣਗੇ ਤਾਂ ਵਰਤੋਂਕਾਰਾਂ ਦੀ ਵਿਅਕਤੀਗਤ ਨਿੱਜਤਾ ਦੇ ਨਿਯਮ ਦੀ ਉਲੰਘਣਾ ਹੋਵੇਗੀ। ਇਸ ਲਈ ਉਹ ਇਸ ਤਰ੍ਹਾਂ ਨਹੀਂ ਕਰਨਗੇ। ਜੇਕਰ ਫਿਰ ਵੀ ਦਬਾਅ ਪਾਇਆ ਗਿਆ ਤਾਂ ਉਹ ਭਾਰਤ ਵਿੱਚੋਂ ਆਪਣੀਆਂ ਸੇਵਾਵਾਂ ਬੰਦ ਕਰ ਦੇਣਗੇ। ਸੋਸ਼ਲ ਮੀਡੀਆ ਦੇ ਇਸ ਜਵਾਬ ਨੇ ਸਾਰੀਆਂ ਹੀ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਸੀਕਰੇਸੀ ਬਾਰੇ ਨਵੀਂ ਬਹਿਸ ਛੇੜ ਦਿੱਤੀ। ਭਾਰਤ ਸਰਕਾਰ ਦੇ ਵਕੀਲ ਨੇ ਬਹਿਸ ਦੌਰਾਨ ਕਾਫੀ ਹੋਰ ਇਲਜ਼ਾਮ ਮੈਟਾ ਉੱਤੇ ਲਗਾਏ ਹਨ। ਵਟਸਐੱਪ ਦੀ ਰਾਜ਼ਦਾਰੀ ਨੀਤੀ-ਅਪਡੇਟ-2021 ਵਿੱਚ ਕਿਹਾ ਗਿਆ ਹੈ ਕਿ ਉਹ ਆਪਣੀ ਪੇਰੈਂਟ ਕੰਪਨੀ ਮੈਟਾ ਨਾਲ ਆਪਣੇ ਵਰਤੋਂਕਾਰ ਦਾ ਡੇਟਾ ਸ਼ੇਅਰ ਕਰ ਸਕਦੀ ਹੈ। ਇਸ ਦੇ ਜਨਤਕ ਵਿਰੋਧ ਤੋਂ ਬਾਅਦ ਭਾਰਤ ਸਰਕਾਰ ਨੇ ਦਾਖਲ ਦਿੰਦੇ ਹੋਏ ਇਸ ਬਾਰੇ ਜਾਂਚ ਕਰਵਾਈ ਅਤੇ ਬਾਅਦ ਵਿੱਚ ਇਹ ਨੀਤੀ ਲਾਗੂ ਨਹੀਂ ਕੀਤੀ। ਦੂਜਾ, ਸਰਕਾਰ ਚਾਹੁੰਦੀ ਹੈ ਕਿ ਜਿੰਨੀਆਂ ਵੀ ਇਸ ਤਰ੍ਹਾਂ ਦੀਆਂ ਕੰਪਨੀਆਂ ਦੇਸ਼ ਵਿੱਚ ਸੰਦੇਸ਼ ਭੇਜਣ ~~ਦੀਆਂ ਸੇਵਾਵਾਂ ਦੇ ਰਹੀਆਂ ਹਨ, ਉਹ ਸਾਰੀਆਂ ਵਰਤੋਂਕਾਰਾਂ ਦਾ ਡੇਟਾ~~ ਭਾਰਤ ਵਿੱਚ ਸਟੋਰ ਕਰਨ ਜਿਸ ਨੂੰ ਡੇਟਾ ਲੋਕਲਾਈਜ਼ੇਸ਼ਨ/ਸਥਾਨੀਕਰਨ ਦੇ ਨਿਯਮ ਤਹਿਤ ਸਾਰੀਆਂ ਕੰਪਨੀਆਂ ਨੂੰ ਹਦਾਇਤਾਂ ਹਨ ਕਿ ਉਹ ਆਪਣੇ ਗਲੋਬਲ ਬੁਨਿਆਦੀ ਢਾਂਚੇ ਨੂੰ ਕਾਇਮ ਰੱਖਦੇ ਹੋਏ ਇਨ੍ਹਾਂ ਨਿਯਮਾਂ ਦੀ ਵੀ ਪਾਲਣਾ ਕਰਨ। ਤੀਜਾ, ਸਰਕਾਰ ਦੇ ਰੈਗੂਲੇਟਰੀ ਪਾਲਣਾ ਨਿਯਮਾਂ ਤਹਿਤ ਵਰਤੋਂਕਾਰਾਂ ਦੀਆਂ ਸ਼ਿਕਾਇਤਾਂ ਬਾਰੇ ਵਟਸਐੱਪ ਨੂੰ ਅਧਿਕਾਰੀ ਨਿਯੁਕਤ ਕਰਨ ਬਾਰੇ ਹਦਾਇਤ ਕੀਤੀ ਗਈ ਜੋ ਸਮਾਂ ਬੱਧ ਸਿ ?ਕਾਇਤਾਂ ਦਾ ਨਿਬੇੜਾ ਕਰੇ। ਭਾਰਤ ਸਰਕਾਰ ਨੇ ਵਟਸਐੱਪ ਨੂੰ ਜਾਅਲੀ ਖਬਰਾਂ ਅਤੇ ਗਲਤ ਜਾਣਕਾਰੀ ਜਿਸ ਨੂੰ ਡੀਪ ਫੇਕ ਘਟਨਾਵਾਂ ਵੀ ਕਿਹਾ ਜਾਂਦਾ ਹੈ, ਦਾ ਪ੍ਰਸਾਰ ਰੋਕਣ ਲਈ ਖਾਸ ਪ੍ਰਬੰਧ ਕਰਨ, ਖਾਸ ਤੌਰ 'ਤੇ ਚੋਣਾਂ ਤੇ ਫਿਰਕੂ ਅਸ਼ਾਂਤੀ ਵਰਗੇ ਸੰਵੇਦਨਸ਼ੀਲ ਸਮੇਂ ਦੌਰਾਨ ਆਪਣੇ ਪਲੇਟਫਾਰਮਾਂ ਤੋਂ ਗਲਤ ਜਾਣਕਾਰੀ ਹਟਾਉਣ ਬਾਰੇ ਵੀ ਅਪੀਲ ਕੀਤੀ ਹੈ। ਭਾਰਤ ਸਰਕਾਰ ਨੇ ਵਟਸਐੱਪ ਭੁਗਤਾਨ ਜਿਸ ਵਿੱਚ ਵਰਤੋਂਕਾਰ ਨੂੰ ਐਪ ਰਾਹੀਂ ਪੈਸੇ ਭੇਜਣ ਅਤੇ ਪ੍ਰਾਪਤ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ, ਉਸ ਉੱਤੇ ਚਿੰਤਾ ਜਤਾਉਂਦੇ ਹੋਏ ਪਲੇਟਫਾਰਮ ਨੂੰ ਆਰਬੀਆਈ ਦੇ ਦਿਸ਼ਾ ਨਿਰਦੇਸ਼ ਤਹਿਤ ਭੁਗਤਾਨ ਕਰਨ ਲਈ ਕਿਹਾ ਹੈ। ਕੇਂਦਰ ਸਰਕਾਰ ਨੇ ਅਦਾਲਤ ਵਿੱਚ ਦਲੀਲ ਦਿੱਤੀ ਹੈ ਕਿ ਸੰਪਰਦਾਇਕ ਹਿੰਸਾ ਦੇ ਮਾਮਲੇ ਵਿੱਚ ਸੰਦੇਸ਼ ਸ਼ੁਰੂ ਕਰਨ ਵਾਲਿਆਂ ਦਾ ਪਤਾ ਲਗਾਉਣ ਲਈ ਨਿਯਮ ਜ਼ਰੂਰੀ ਹਨ। ਸਰਕਾਰ ਨੇ ਇਹ ਵੀ ਦੱਸਿਆ ਹੈ ਕਿ ਵਟਸਐੱਪ ਵਰਤੋਂਕਾਰਾਂ ਦੀ ਜਾਣਕਾਰੀ ਦਾ ਲੈਣ-ਦੇਣ ਕਰਦਾ ਹੈ। ਇਸ ਲਈ ਪੂਰਨ ਰਾਜ਼ਦਾਰੀ ਅਤੇ ਸੁਰੱਖਿਆ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ। ਦੂਜੇ ਪਾਸੇ ਵਟਸਐੱਪ ਦੇ ਵਕੀਲ ਨੇ ਦੱਸਿਆ ਕਿ ਐਨਕ੍ਰਿਪਸ਼ਨ ਤੋੜਨਾ ਠੀਕ ਨਹੀਂ, ਇਸ ਨਾਲ ਕਈ ਤਰ੍ਹਾਂ ਦੀਆਂ ਹੋਰ ਮੁਸ਼ਕਿਲਾਂ ਪੈਦਾ ਹੋ ਜਾਣਗੀਆਂ। ਅਸਲ ਵਿੱਚ ਸੰਦੇਸ਼ ਸ਼ੁਰੂ ਕਰਨ ਵਾਲੇ ਦਾ ਪਤਾ ਲਗਾਉਣ ਲਈ ਅਜੇ ਤੱਕ ਕੋਈ ਸਹੀ ਢੰਗ ਤਰੀਕਾ ਨਹੀਂ ਹੈ। ਅਦਾਲਤ ਨੇ ਦੋਵੇਂ ਧਿਰਾਂ ਦੀਆਂ ਦਲੀਲਾਂ ਅਤੇ ਬਹਿਸ ਸੁਣਨ ਤੋਂ ਬਾਅਦ ਕਿਹਾ ਹੈ ਕਿ ਨਿੱਜਤਾ ਅਧਿਕਾਰ ਸੰਪੂਰਨ ਨਹੀਂ ਹਨ। ਇਨ੍ਹਾਂ ਵਿੱਚ ਸੰਤੁਲਨ ਜ਼ਰੂਰੀ ਹੈ। ਬੈਂਚ ਨੇ 14 ਅਗਸਤ 2024 ਨੂੰ ਕੇਸ ਦੀ ਸੁਣਵਾਈ ਜਾਰੀ ਰੱਖਣ ਲਈ ਕਿਹਾ ਹੈ। ਦੇਖਣਾ ਇਹ ਹੋਵੇਗਾ ਕਿ ਹੁਣ ਭਾਰਤ ਵਿੱਚ ਸੰਦੇਸ਼ ਸੇਵਾਵਾਂ ਦੇਣ ਵਾਲੇ ਵਿਚੋਲੇ ਪਲੇਟਫਾਰਮ ਐਨਕ੍ਰਿਪਸ਼ਨ ਅਤੇ ਵਰਤੋਂਕਾਰਾਂ ਦੀ ਵਿਅਕਤੀਗਤ ਨਿੱਜਤਾ ਤੇ ਸੀਕ੍ਰੇਸੀ ਨੂੰ ਕਿਵੇਂ ਸੰਭਾਲਦੇ ਹਨ ਅਤੇ ਇਸ ਲਈ ਮੌਜੂਦਾ ਸਿਸਟਮ ਵਿੱਚ ਕਿਹੜੇ ਸੁਧਾਰ ਕਰਦੇ ਹਨ।

ਭਾਰਤ-ਪਾਕਿ ਵਪਾਰਕ ਰਿਸ਼ਤਿਆਂ ਦੀ ਬਹਾਲੀ

ਡਾ. ਰਣਜੀਤ ਸਿੰਘ ਘੁੰਮਣ

ਆਜ਼ਾਦੀ ਤੋਂ ਕਰੀਬ 77 ਸਾਲਾਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਕੂਟਨੀਤਕ, ਸਿਆਸੀ ਅਤੇ ਆਰਥਿਕ ਸਬੰਧ ਦੁਸ਼ਮਣੀ ਤੇ ਨਫ਼ਰਤ ਨਾਲ ਗ੍ਰਸੇ ਹੋਏ ਹਨ। ਇਨ੍ਹਾਂ ਵਿਚਕਾਰ ਦੋ ਘੱਟ ਸ਼ਿੱਦਤ ਦੀਆਂ ਜੰਗਾਂ (1947-48 ਵਿਚ ਕਸ਼ਮੀਰ ਟਕਰਾਅ ਅਤੇ 1999 ਦੀ ਕਾਰਗਿਲ ਜੰਗ) ਅਤੇ ਦੋ ਪੂਰੀਆਂ ਜੰਗਾਂ (1965 ਤੇ 1971) ਹੋ ਚੁੱਕੀਆਂ ਹਨ। ਬਹਰਹਾਲ, ਕਸ਼ਮੀਰ ਅਤੇ ਸਰਹੱਦ ਪਾਰ ਦਹਿਸ਼ਤਗਰਦੀ ਦੇ ਵਿਵਾਦ ਵਾਲੇ ਮੁੱਦੇ ਅਜੇ ਵੀ ਹੱਲ ਨਹੀਂ ਹੋ ਸਕੇ। ਦੋਵਾਂ ਮੁਲਕਾਂ ਦੇ ਸਿਆਸੀ ਆਗੂਆਂ ਨੇ ਇਨ੍ਹਾਂ ਮੁੱਦਿਆਂ ਦੇ ਦੁਵੱਲੇ ਤੌਰ 'ਤੇ ਪ੍ਰਵਾਨਤ ਹੱਲ ਲੱਭਣ ਦੀਆਂ ਕੋਸ਼ਿਸ਼ਾਂ ਭਾਵੇਂ ਕੀਤੀਆਂ ਹਨ ਪਰ ਉਨ੍ਹਾਂ ਦੀਆਂ ਤਰਕਸੰਗਤ ਕੋਸ਼ਿਸ਼ਾਂ 'ਤੇ ਕਈ ਵਾਰ ਗ਼ੈਰ-ਤਰਕਸੰਗਤ ਰੋਕਾਂ ਭਾਰੂ ਪੈ ਜਾਂਦੀਆਂ ਰਹੀਆਂ ਹਨ। ਇਸ ਦਾ ਚੱਕਰਨੁਮਾ ਪੈਟਰਨ ਸੱਪ ਤੇ ਪੌੜੀ ਦੀ ਖੇਡ ਨਾਲ ਮੇਲ ਖਾਂਦਾ ਹੈ ਜਿੱਥੇ ਸਾਰੀ ਕੀਤੀ ਕਰਾਈ ਮਿਹਨਤ ਇਕ ਠੇਡਾ ਖਾਣ ਨਾਲ ਖੂਹ ਵਿਚ ਪੈ ਜਾਂਦੀ ਹੈ।

ਭਾਰਤ ਅਤੇ ਪਾਕਿਸਤਾਨ ਵਿਚ ਨਵੀਆਂ ਸਰਕਾਰਾਂ ਬਣਨ ਤੋਂ ਬਾਅਦ ਇਕ ਵਾਰ ਫਿਰ ਸ਼ਾਂਤੀ ਦੀ ਕਿਰਨ ਦਿਖਾਈ ਦਿੱਤੀ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀ

ਅਨੁਸੂਚਿਤ ਜਾਤੀ ਦੇ ਛੋਟੇ ਉਦਮੀਆਂ ਨੂੰ ਪ੍ਰਮੁੱਖ ਉਦਯੋਗਾਂ ਦੇ ਨਾਲ ਜੋੜਨ ਲਈ ਵਿਆਪਕ ਯੋਜਨਾ ਬਨਾਉਣ ਦੀ ਤਿਆਰੀ ਵਿਚ ਹਰਿਆਣਾ ਸਰਕਾਰ

➢ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਦਲਿਤ ਇੰਡੀਅਨ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਦੇ ਪ੍ਰਤੀਨਿਧੀਆਂ ਦੇ ਨਾਲ ਕੀਤੀ ਮੀਟਿੰਗ

➢ ਸਰਕਾਰ ਦਾ ਟੀਚਾ ਵੱਧ ਤੋਂ ਵੱਧ ਨੌਜੁਆਨ ਬਨਣ ਉਦਮੀ, ਨੋਕਰੀ ਮੰਗਨ ਵਾਲੇ ਨਹੀਂ ਸਗੋ ਨੌਕਰੀ ਦੇਣ ਵਾਲੇ ਬਨਣ ਨੌਜੁਆਨ

ਚੰਡੀਗੜ੍ਹ, 6 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਸਰਕਾਰ ਅਨੁਸੂਚਿਤ ਜਾਤੀ ਦੇ ਛੋਟੇ ਉਦਮੀਆਂ ਨੂੰ ਪ੍ਰਮੁੱਖ ਉਦਯੋਗਾਂ ਦੇ ਨਾਲ ਜੋੜਨ ਲਈ ਵਿਆਪਕ ਯੋਜਨਾ ਬਨਾਉਣ ਦੀ ਦਿਸ਼ਾ ਵਿਚ ਕਦਮ ਵਧਾ ਰਹੀ ਹੈ ਤਾਂ ਜੋ ਸੂਖਮ ਅਤੇ ਛੋਟੇ ਉਦਮਾਂ (ਐਮਐਸਐਮਈ) ਦੇ ਵਿਕਾਸ ਨੂੰ ਪ੍ਰੋਤਸਾਹਨ ਮਿਲ ਸਕੇ। ਇਸ ਸਬੰਧ ਵਿਚ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਆਪਣੇ ਆਵਾਸ ਸੰਤ ਕਬੀਰ ਕੁਟੀਰ 'ਤੇ ਦਲਿਤ ਇੰਡੀਅਨ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ (ਡਿੱਕੀ) ਦੇ ਪ੍ਰਤੀਨਿਧੀਆਂ ਦੇ ਨਾਲ ਮੀਟਿੰਗ ਕੀਤੀ ਅਤੇ ਵੱਖ-ਵੱਖ ਪਹਿਲਾਂ 'ਤੇ ਵਿਚਾਰ-ਵਟਾਂਦਰਾਂ ਕੀਤਾ।

ਸ੍ਰੀ ਨਾਇਬ ਸਿੰਘ ਸੈਨੀ ਨੇ ਕਿਹਾ ਕਿ ਹਰਿਆਣਾ ਸਰਕਾਰ ਪਹਿਲਾਂ ਤੋਂ ਐਮਐਸਐਮਈ ਨੂੰ ਪ੍ਰੋਤਸਾਹਨ ਦੇਣ ਲਈ ਵੱਖ-ਵੱਖ ਪ੍ਰੋਤਸਾਹਨ ਯੋਜਨਾ ਚਲਾ ਰਹੀ ਹੈ। ਹੁਣ ਅਨੁਸੂਚਿਤ ਜਾਤੀ ਦੇ ਛੋਟੇ ਉਦਮੀਆਂ ਦੀ ਸਹਾਇਤਾ ਦੇ ਲਈ ਵੀ ਨਵੀਂ ਯੋਜਨਾਵਾਂ ਬਨਾਉਣ ਦੀ ਦਿਸ਼ਾ ਵਿਚ ਵੱਧ ਰਹੇ ਹਨ, ਤਾਂ ਜੋ ਛੋਟੇ ਉਦਮੀਆਂ ਨੂੰ ਵੱਡੇ ਬਾਜਾਰ ਉਪਲਬਧ ਹੋ ਸਕਣ ਜਿਸ ਨਾਲ ਉਨ੍ਹਾਂ ਦੀ ਆਰਥਕ ਸਥਿਤੀ ਵਿਚ ਸੁਧਾਰ ਹੋ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦਲਿਤ ਇੰਡੀਅਨ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ (ਡਿੱਕੀ) ਦੇ ਨਾਲ ਮਿਲ ਕੇ ਨਵੀਂ ਯੋਜਨਾਵਾਂ ਬਨਾਉਣ 'ਤੇ ਵਿਚਾਰ ਕੀਤਾ ਜਾਵੇਗਾ, ਤਾਂ ਜੋ ਸੂਬੇ ਵਿਚ ਅਨੁਸੂਚਿਤ ਜਾਤੀ ਦੇ ਛੋਟੇ ਉਦਮੀਆਂ ਨੂੰ ਅੱਗੇ ਵੱਧਣ ਦੇ ਮੌਕੇ ਮਿਲ ਸਕਣ। ਉਨ੍ਹਾਂ ਨੇ ਸਬੰਧਿਤ ਅਧਿਕਾਰੀਆਂ ਨੂੰ ਵੀ ਡਿੱਕੀ ਵੱਲੋਂ ਚਲਾਈ ਜਾ ਰਹੀ ਪਹਿਲਾਂ ਅਤੇ ਹੋਰ ਸੂਬਿਆਂ ਵੱਲੋਂ ਅਪਣਾਈ ਜਾ ਰਹੀ ਬੇਸਟ ਪ੍ਰੈਕਟਿਸਿਸ ਦਾ ਅਧਿਐਨ ਕਰਨ ਦੇ ਨਿਰਦੇਸ਼ ਦਿੱਤੇ।

ਵਿਦੇਸ਼ ਸਹਿਯੋਗ ਵਿਭਾਗ ਡਿੱਕੀ ਦੇ ਨਾਲ ਨੌਜੁਆਨ ਉਦਮੀਆਂ ਦੇ ਉਤਪਾਦਾਂ ਨੂੰ ਵਿਦੇਸ਼ਾਂ ਵਿਚ ਵੀ ਬਾਜਾਰ ਤਕ ਪਹੁੰਚ ਬਨਾਉਣ ਲਈ ਕਰਨ ਰੋਡਮੈਪ ਤਿਆਰ

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਸਰਕਾਰ ਨੌਜੁਆਨ ਉਦਮੀਆਂ ਨੂੰ ਵਿਦੇਸ਼ਾਂ ਵਿਚ ਵੀ ਮਾਲ ਨਿਰਯਾਤ ਕਰਨ ਦੀ ਦਿਸ਼ਾ ਵਿਚ ਵੀ ਸਹਿਯੋਗ ਪ੍ਰਦਾਨ ਕਰੇਗੀ। ਉਨ੍ਹਾਂ ਨੇ ਉਦਯੋਗ ਅਤੇ ਵਪਾਰ ਵਿਭਾਗ ਅਤੇ ਵਿਦੇਸ਼ ਸਹਿਯੋਗ ਵਿਭਾਗ ਦੇ ਅਧਿਕਾਰੀਆਂ ਨੂੰ ਦਲਿਤ ਇੰਡੀਅਨ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਦੇ ਨਾਲ ਮਿਲ ਕੇ ਇਸ ਦਿਸ਼ਾ ਵਿਚ ਯੋਜਨਾਵਾਂ ਰਾਹੀਂ ਨੌਜੁਆਨਾਂ ਨੂੰ ਨਵੇਂ ਉਦਮ ਸ਼ੁਰੂ ਕਰਨ ਦੇ ਲਈ ਆਰਥਕ ਸਹਿਯੋਗ ਦਿੱਤਾ ਜਾ ਰਿਹਾ ਹੈ। ਹਰਿਆਣਾ ਸਰਕਾਰ ਨੇ ਵੀ ਸੂਬੇ ਵਿਚ ਸ੍ਰੀ ਵਿਸ਼ਵਕਰਮਾ ਕੌਸ਼ਲ ਯੂਨੀਵਰਸਿਟੀ ਸਥਾਪਿਤ ਕੀਤਾ ਹੈ, ਜਿਸ ਵਿਚ ਨੌਜੁਆਨਾਂ ਨੂੰ ਕੌਸ਼ਲ ਸਿਖਲਾਈ ਪ੍ਰਦਾਨ ਕਰ ਕੇ ਉਨ੍ਹਾਂ ਨੂੰ ਰੁਜਗਾਰਯੋਗ ਬਣਾਇਆ ਜਾ ਰਿਹਾ ਹੈ।

ਮੀਟਿੰਗ ਵਿਚ ਦਲਿਤ ਇੰਡੀਅਨ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ (ਡਿੱਕੀ) ਦੇ ਫਾਉਂਡਰ ਚੇਅਰਮੈਨ ਪਦਮਸ਼੍ਰੀ ਡਾ. ਮਿਲਿੰਦ ਕਾਂਬਲੇ ਨੇ ਮੁੱਖ ਮੰਤਰੀ ਨੂੰ ਜਾਣੂੰ ਕਰਾਇਆ ਕਿ ਡਿੱਕੀ ਇਕ ਭਾਰਤੀ ਸੰਘ ਹੈ ਜੋ ਦਲਿਤ ਕਾਰੋਬਾਰ ਉਦਮਾਂ ਨੂੰ ਪ੍ਰੋਤਸਾਹਨ ਦਿੰਦਾ ਹੈ। ਡਿੱਕੀ ਬਾਬਾ ਸਾਹੇਬ ਦੇ ਆਰਥਕ ਵਿਚਾਰਾਂ ਦੀ ਸੰਕਲਪਨਾ ਦਾ ਹਿੱਸਾ ਹੈ। ਡਿੱਕੀ ਕੇਂਦਰ ਤੇ ਸੂਬਾ ਸਰਕਾਰ ਦੇ ਨਾਲ ਮਿਲ ਕੇ ਐਸਸੀ-ਐਸਟੀ ਉਦਮੀਆਂ ਨੂੰ ਅੱਗੇ ਵੱਧਣ ਵਿਚ ਮਦਦ ਕਰਦਾ ਹੈ।

ਮੀਟਿੰਗ ਵਿਚ ਸਮਾਜਿਕ ਨਿਆਂ, ਅਧਿਕਾਰਤਾ, ਅਨੁਸੂਚਿਤ ਾਤੀ ਅਤੇ ਪਿਛੜਾ ਵਰਗ ਭਲਾਈ ਅਤੇ ਅੰਤੋਂਦੇਯ (ਸੇਵਾ) ਵਿਭਾਗ ਦੀ ਵਧੀਕ ਮੁੱਖ ਸਕੱਤਰ ਸ੍ਰੀਮਤੀ ਜੀ. ਅਨੁਪਮਾ, ਉਦਯੋਗ ਅਤੇ ਵਪਾਰ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਰੁਣ ਕੁਮਾਰ ਗੁਪਤਾ, ਉੱਚੇਰੀ ਸਿਖਿਆ ਵਿਭਾਗ ਦੇ ਪ੍ਰਧਾਨ ਸਕੱਤਰ ਡੀ ਸੁਰੇਸ਼, ਮੁੱਖ ਮੰਤਰੀ ਦੀ ਵਧੀਕ ਪ੍ਰਧਾਨ ਸਕੱਤਰ ਸ੍ਰੀਮਤੀ ਆਸ਼ਿਮਾ ਬਰਾੜ, ਸ਼ਹਿਰੀ ਸਥਾਨਕ ਨਿਗਮ ਵਿਭਾਗ ਦੇ ਨਿਦੇਸ਼ਕ ਯੱਸ਼ ਪਾਲ, ਮੁੱਖ ਮੰਤਰੀ ਦੇ ਰਾਜੀਨੀਤਕ ਸਲਾਹਕਾਰ ਭਾਰਤ ਭੂਸ਼ਣ ਭਾਰਤੀ ਅਤੇ ਵਿਦੇਸ਼ ਸਹਿਯੋਗ ਵਿਭਾਗ ਦੇ ਸਲਾਹਕਾਰ ਪਵਨ ਚੌਧਰੀ ਸਮੇਤ ਹੋਰ ਅਧਿਕਾਰੀ ਮੌਜੂਦ ਸਨ।

ਮ੍ਰਿਤਸਰ ਦੇ ਸੀਵਰੇਜ ਟਰੀਟਮੈਂਟ ਪਲਾਂਟ ਦੀ ਸਮਰੱਥਾ ਵਧਾਉਣ ਲਈ ਡਿਪਟੀ ਕਮਿਸ਼ਨਰ ਨੇ ਸੀਵਰੇਜ ਬੋਰਡ ਨੂੰ ਲਿਖਿਆ

ਅੰਮ੍ਰਿਤਸਰ, 6 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਸ੍ਰੀ ਘਨਸ਼ਾਮ ਥੋਰੀ ਨੇ ਅੰਮ੍ਰਿਤਸਰ ਦੇ ਸੀਵਰੇਜ ਟਰੀਟਮੈਂਟ ਪਲਾਂਟ ਦੀ ਸਮਰੱਥਾ ਵਧਾਉਣ ਲਈ ਮੁੱਖ ਕਾਰਜਕਾਰੀ ਅਫ਼ਸਰ ਪੰਜਾਬ, ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਚੰਡੀਗੜ੍ਹ ਨੂੰ ਪੱਤਰ ਲਿੱਖਿਆ ਹੈ। ਦੱਸਣ ਯੋਗ ਹੈ ਕਿ 25 ਜੁਲਾਈ ਨੂੰ ਜਲੰਧਰ ਵਿਖੇ ਮੁੱਖ ਮੰਤਰੀ ਪੰਜਾਬ ਵੱਲੋਂ ਕੀਤੀ ਗਈ ਮੀਟਿੰਗ ਵਿੱਚ ਵੀ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਇਹ ਮੁੱਦਾ ਉਠਾਇਆ ਸੀ ਕਿ ਅੰਮ੍ਰਿਤਸਰ ਵਿਖੇ ਤਿੰਨ ਸੀਵਰੇਜ ਟਰੀਟਮੈਂਟ ਪਲਾਂਟ ਕੰਮ ਕਰ ਰਹੇ ਹਨ। ਜਿਨਾਂ ਦੀ ਕੁੱਲ ਸਮਰੱਥਾ 217.50 ਐਮ.ਐਲ.ਡੀ. ਹੈ ਜੋ ਕਿ ਬਹੁਤ ਘੱਟ ਹੈ।

ਉਨਾਂ ਦੱਸਿਆ ਸੀ ਕਿ ਇਕ ਸੀਵਰੇਜ ਟਰੀਟਮੈਂਟ ਪਲਾਂਟ ਖਾਪੜ ਖੇੜੀ 95 ਐਮ.ਐਲ.ਡੀ., ਦੂਜਾ ਗੰਸੋਬਾਦ 95 ਐਮ.ਐਲ.ਡੀ. ਅਤੇ ਤੀਸਰਾ ਚਾਟੀਵਿੰਡ ਵਿੱਖੇ 97.5 ਐਮ.ਐਲ.ਡੀ. ਦਾ ਚਲ ਰਿਹਾ ਹੈ। ਇਨਾਂ ਸੀਵਰੇਜ ਟਰੀਟਮੈਂਟ ਪਲਾਂਟ ਦਾ ਪ੍ਰਵਾਹ ਲਗਭਗ 250-260 ਐਮ.ਐਲ.ਡੀ.ਹੈ ਜੋ ਕਿ ਸਥਾਪਿਤ ਸਮਰਥਾ ਤੋਂ ਕਾਫ਼ੀ ਜਿਆਦਾ ਹੈ। ਉਨਾਂ ਦੱਸਿਆ ਕਿ ਇਸ ਤੋਂ ਇਲਾਵਾ 50-60 ਐਮ.ਐਲ.ਡੀ. ਅਣਸੋਧਿਆ ਪਾਣੀ ਤੁੰਗ ਢਾਬ ਡਰੇਨ ਵਿੱਚ ਕਈ ਥਾਵਾਂ ਤੋਂ ਜਾ ਰਿਹਾ ਹੈ।

ਸ੍ਰੀ ਥੋਰੀ ਨੇ ਆਪਣੇ ਲਿਖੇ ਪੱਤਰ ਵਿੱਚ ਇਸ ਗੱਲ ਦਾ ਜ਼ਿਕਰ ਵੀ ਕੀਤਾ ਹੈ ਕਿ ਭਵਿਖ ਵਿਚ ਸਿਹਤ ਖਤਰਿਆਂ ਨੂੰ ਰੋਕਣ ਲਈ ਇਨਾਂ ਪਲਾਂਟਾਂ ਦੀ ਸਮਰੱਥਾ ਵਧਾਉਣੀ ਬਹੁਤ ਜ਼ਰੂਰੀ ਹੈ। ਉਨਾਂ ਲਿੱਖਿਆ ਹੈ ਕਿ ਗੰਸੋਬਾਦ ਦੇ ਸੀਵਰੇਜ ਟਰੀਟਮੈਂਟ ਪਲਾਂਟ ਤੇ 110 ਕਰੋੜ ਰੁਪਏ ਅਤੇ ਖਾਪੜ ਖੇੜੀ ਪਲਾਂਟ ਤੇ 85 ਕਰੋੜ ਰੁਪਏ ਦਾ ਅਨੁਮਾਨਤ ਖਰਚਾ ਅਮਰੂਤ ਸਕੀਮ ਅਧੀਨ ਲਿਆ ਜਾ ਸਕਦਾ ਹੈ।

ਸ੍ਰੀ ਥੋਰੀ ਨੇ ਪੱਤਰ ਵਿੱਚ ਲਿੱਖਿਆ ਹੈ ਕਿ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਅਨੁਸਾਰ ਲੋਕਾਂ ਨੂੰ ਸਾਫ਼ ਸੁਥਰਾ ਪੀਣ ਵਾਲਾ ਪਾਣੀ ਅਤੇ ਅੰਮ੍ਰਿਤਸਰ ਵਿਖੇ ਵੱਡੀ ਗਿਣਤੀ ਵਿੱਚ ਆਉਣ ਵਾਲੇ ਸੈਲਾਨੀਆਂ ਦੇ ਸਿਹਤ ਸੁਰੱਖਿਆ ਲਈ ਸੀਵਰੇਜ ਟਰੀਟਮੈਂਟ ਪਲਾਂਟਾ ਦੀ ਸਮਰੱਥਾ ਨੂੰ 100 ਫੀਸਦੀ ਯਕੀਨੀ ਬਣਾਉਣਾ ਜ਼ਰੂਰੀ ਹੋਵੇਗਾ।

ਹਰਿਆਣਾ ਸੇਵਾ ਦਾ ਅਧਿਕਾਰ ਆਯੋਗ ਨੇ ਬਿਜਲੀ ਨਿਗਮ 'ਤੇ ਲਗਾਇਆ 15,500 ਰੁਪਏ ਦਾ ਜੁਰਮਾਨਾ

ਚੰਡੀਗੜ੍ਹ, 6 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਸੇਵਾ ਦਾ ਅਧਿਕਾਰ ਆਯੋਗ ਨੇ ਉੱਤਰ ਹਰਿਆਣਾ ਬਿਜਲੀ ਵੰਡ ਨਿਗਮ ਦੇ ਕੁਰੂਕਸ਼ੇਤਰ ਦਫਤਰ 'ਤੇ 15,500 ਰੁਪਏ ਦਾ ਜੁਰਮਾਨਾ ਲਗਾਇਆ ਹੈ। ਆਯੋਗ ਨੇ ਇਹ ਜੁਰਮਾਨਾ ਖਪਤਕਾਰ ਨੂੰ ਗਲਤ ਬਿੱਲ ਾਰੀ ਕਰਨ ਤੇ ਕਿਸੇ ਵੀ ਗਲਤੀ ਦੇ ਬਿਨ੍ਹਾਂ ਪਰੇਸ਼ਾਨ ਕਰਨ ਅਤੇ ਕਾਰਜ ਨਿਰਧਾਰਿਤ ਸਮੇਂ ਸੀਮਾ ਵਿਚ ਨਾ ਦੇਣ ਦੇ ਕਾਰਨ ਲਗਾਇਆ ਗਿਆ।

ਨਿਗਮ ਦੇ ਬੁਲਾਰੇ ਨੇ ਇਸ ਮਾਮਲੇ ਵਿਚ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਖਪਤਕਾਰ ਸੁਲਤਾਨ ਸਿੰਘ ਨੇ 21 ਜਨਵਰੀ, 2024 ਨੂੰ ਗਲਤ ਬਿੱਲ ਨਾਲ ਸਬੰਧਿਤ ਸ਼ਿਕਾਇਤ ਉੱਤਰ ਹਰਿਆਣਾ ਬਿਜਲੀ ਵੰਡ ਨਿਗਮ ਕੁਰੂਕਸ਼ੇਤਰ ਵਿਚ ਸਥਿਤ ਦਫਤਰ ਵਿਚ ਦਿੱਤੀ ਸੀ। ਉਸ ਨੇ ਦਸਿਆ ਕਿ ਉਹ ਸਮੇਂ 'ਤੇ ਆਪਣਾ ਬਿੱਲ ਦਾ ਭੁਗਤਾਨ ਕਰਦੇ ਰਹੇ ਹਨ। ਪਰ 1 ਨਵੰਬਰ, 2022 ਤੋਂ 20 ਜੁਲਾਈ, 2023 ਤਕ ਦਾ ਬਿੱਲ ਅਗਸਤ 2023 ਵਿਚ 1,11,008.99 ਰੁਪਏ ਦਾ ਬਿੱਲ ਮਿਲਿਆ। ਉਨ੍ਹਾਂ ਨੇ ਇਸ ਬਿੱਲ ਨਾਲ ਸਬੰਧਿਤ ਸ਼ਿਕਾਇਤ ਐਸਡੀਓ ਦਫਤਰ ਕੁਰੂਕਸ਼ੇਤਰ ਵਿਚ ਦਰਜ ਕਰਵਾਈ, ਪਰ ਦਫਤਰ ਦੇ ਕਈ ਚੱਕਰ ਲਗਾਉਣ ਦੇ ਬਾਅਦ ਵੀ ਉਨ੍ਹਾਂ ਦੀ ਸਮਸਿਆ ਦਾ ਕੋਈ ਹੱਲ ਨਹੀਂ ਨਿਕਲਿਆ।

ਇਸ ਦੇ ਬਾਅਦ ਮਾਮਲੇ ਦੀ ਸ਼ਿਕਾਇਤ ਆਯੋਗ ਨੂੰ ਕੀਤੀ ਗਈ। ਆਯੋਗ ਨੇ ਮੁੱਖ ਕਮਿਸ਼ਨਰ ਨੇ ਸੁਣਵਾਈ ਕੀਤੀ ਸੀ। ਸੁਣਵਾਈ ਦੇ ਬਾਅਦ ਜਾਂਚ ਵਿਚ ਪਾਇਆ ਗਿਆ ਕਿ ਇਹ ਇਕ ਹੋਰ ਅਜਿਹਾ ਮਾਮਲਾ ਹੈ, ਜਿ ਵਿਚ ਯੂਐਚਬੀਵੀਐਨ ਵੱਲੋਂ ਖੁਦ ਨੂੰ ਡਿਸਕਾਮ ਦੀ ਏਕੀਕ੍ਰਿਤ ਰੇਟਿੰਗ ਵਿਚ ਏ ਪਲੱਸ ਸ਼੍ਰੇਣੀ ਦੀ ਬਿਜਲੀ ਖਪਤਕਾਰ ਹੋਣ ਦਾ ਦਾਵਾ ਕਰਦੇ ਹੋਏ ਖਪਤਕਾਰ ਨੂੰ ਪਰੇਸ਼ਾਨ ਕੀਤਾ ਗਿਆ ਹੈ। ਨਿਗਮ ਵੱਲੋਂ ਖਪਤਕਾਰ ਨੂੰ ਉਨ੍ਹਾਂ ਵੱਲੋਂ ਕਿਸੀ ਵੀ ਗਲਤੀ ਦੇ ਬਿਨ੍ਹਾਂ ਪਰੇਸ਼ਾਨ ਕੀਤਾ ਜਾ ਰਿਹਾ ਹੈ। ੧ਕਰ ਉਹ ਸਮੇਂ ਸਮੇਂ 'ਤੇ ਇਸ ਦੀ ਨਿਗਰਾਨੀ ਕਰਦੇ ਹਨ, ਤਾਂ ਉਹ ਸਹੂਲਤਜਨਕ ਕਾਰਵਾਈ ਕਰ ਸਕਦੇ ਹਨ।

ਆਯੋਗ ਨੇ ਕਿਹਾ ਕਿ ਉਮੀਦ ਹੈ ਕਿ ਅਜਿਹੇ ਮਾਮਲਿਆਂ ਵਿਚ ਯੂਐਚਬੀਵੀਐਨ ਦੇ ਐਮਡੀ ਸੀਨੀਅਰ ਅਧਿਕਾਰੀਆਂ ਦੀ ਇਕ ਟੀਮ ਗਠਨ ਕਰਣਗੇ, ਜੋ ਨਾ ਸਿਰਫ ਉਨ੍ਹਾਂ ਬਿੱਲਾਂ ਦੀ ਨਿਗਰਾਨੀ ਕਰੇਗੀ, ਜਿੱਥੇ ਮੀਟਰ ਠੀਕ ਹਨ, ਸਗੋ ਬਿੱਲ ਵਿਚ ਆਰ-1 ਜਾਂ ਐਫ ਕੋਡ ਹੈ ਅਤੇ ਔਸਤ ਆਧਾਰ 'ਤੇ ਲੰਬੇ ਸਮੇਂ ਤਕ ਗਲਤ ਬਿਲਿੰਗ ਨੂੰ ਖਤਮ ਕਰਨ ਦੇ ਲਈ ਠੋਸ ਕਦਮ ਚੁੱਕੇਗੀ।

ਆਯੋਗ ਨੇ ਕਿਹਾ ਕਿ ਖਪਤਕਾਰ ਨੂੰ ਲੰਬੇ ਸਮੇਂ ਤੋਂ ਗਲਤ ਬਿੱਲ ਜਾਰੀ ਕੀਤੇ ਜਾ ਰਹੇ ਹਨ ਅਤੇ ਇਹ ਗੱਲ ਯੂਐਚਬੀਵੀਐਨ ਅਧਿਕਾਰੀਆਂ ਨੇ ਵੀ ਸਵੀਕਾਰ ਕੀਤੀ ਹੈ। ਆਯੋਗ ਨੇ ਇਕ ਨੋਟੀਫਾਇਡ ਸੇਵਾ ਦੇ ਵੰਡ ਗੰਭੀਰ ਗਲਤੀ ਦਾ ਐਕਸ਼ਨ ਲੈਂਦੇ ਹੋਏ ਹਰੇਕ ਦੋ-ਮਹੀਨਾ ਬਿੱਲ ਦੇ ਲਈ 1 ਹਜਾਰ ਰੁਪਏ ਯਾਨੀ 31 ਮਹੀਨਿਆਂ ਦੇ ਲਈ ਗਲਤ ਬਿੱਲਾਂ ਲਈ 15,500 ਰੁਪਏ ਦਾ ਜੁਰਮਾਨਾ ਲਗਾਇਆ ਹੈ। ਜੁਰਮਾਨੇ ਦੀ ਰਕਮ ਖਪਤਕਾਰ ਨੂੰ ਦੇਣ ਦਾ ਆਦੇਸ਼ ਦਿੱਤਾ ਹੈ। ਆਯੋਗ ਨੇ ਆਦੇਸ਼ ਵਿਚ ਕਿਹਾ ਕਿ ਇਹ ਰਕਮ ਜਾਂ ਤਾਂ ਯੂਐਚਬੀਵੀਐਨ ਵੱਲੋਂ ਆਪਣੇ ਖੁਦ ਦੇ ਧਨ ਤੋਂ ਖਪਤਕਾਰ ਦੇ ਖਾਤੇ ਵਿਚ ਸਮਾਯੋਜਿਤ ਕੀਤੀ ਜਾਣੀ ਚਾਹੀਦੀ ਜਾਂ ਇਹ ਰਕਮ ਉਨ੍ਹਾਂ ਅਧਿਕਾਰੀਆਂ ਤੋਂ ਵਸੂਲ ਸਕਦੀ ਹੈ ਅਤੇ ਇਸ ਮਾਮਲੇ ਵਿਚ ਇੰਨ੍ਹਾਂ ਖਾਮੀਆਂ ਦੇ ਲਈ ਜਿਮੇਵਾਰ ਹਨ।

ਫਸਟ ਏਡ ਟ੍ਰੇਨਿੰਗ ਕੈਂਪ ਲਗਾਇਆ ਗਿਆ

ਬਰਨਾਲਾ, 6 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਇੰਡੀਅਨ ਰੈੱਡ ਕਰਾਸ ਸੁਸਾਇਟੀ ਬਰਨਾਲਾ ਵੱਲੋਂ ਸ੍ਰੀਮਤੀ ਪੂਨਮਦੀਪ ਕੌਰ ਡਿਪਟੀ ਕਮਿਸ਼ਨਰ -ਕਮ- ਪ੍ਰਧਾਨ ਇੰਡੀਅਨ ਰੈੱਡ ਕਰਾਸ ਸੁਸਾਇਟੀ ਬਰਨਾਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਰੈੱਡ ਕਰਾਸ ਭਵਨ ਵਿਖੇ ਫਸਟ ਏਡ ਟ੍ਰੇਨਿੰਗ ਸਬੰਧੀ ਮਿਤੀ 22/07/2024 ਤੋਂ 31/07/2024 ਤੱਕ ਕੈਂਪ ਦਾ ਆਯੋਜਨ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੱਤਰ ਰੈੱਡ ਕਰਾਸ ਸ.ਸਰਵਨ ਸਿੰਘ ਨੇ ਦੱਸਿਆ ਕਿ ਇਸ ਟ੍ਰੇਨਿੰਗ ਕੈਂਪ ਵਿੱਚ 30 ਸਿਖਿਆਰਥੀਆਂ ਨੇ ਭਾਗ ਲਿਆ। ਇਸ ਟ੍ਰੇਨਿੰਗ ਕੈਂਪ ਵਿੱਚ ਫਸਟ ਏਡ ਦੇ ਮੁੱਢਲੇ ਉਦੇਸ਼, ਸੀ.ਪੀ.ਆਰ, ਲਹੂ ਦੇ ਵਹਿਣ ਨੂੰ ਰੋਕਣ, ਬੇਹੋਸ਼ੀ, ਗਰਮੀ ਜਾ ਲੂ ਲੱਗਣ, ਹੱਡੀਆਂ ਦੇ ਟੁੱਟਣ ਸਬੰਧੀ, ਜਹਿਰੀਲੇ ਜੀਵ ਜੰਤੂਆ ਦੇ ਡੰਗਣ, ਫੱਟੜਾਂ ਅਤੇ ਮਰੀਜਾਂ ਨੂੰ ਸਹੀ ਤਰੀਕੇ ਨਾਲ ਫਸਟ ਏਡ ਦੇਣ ਦੀ ਟ੍ਰੇਨਿੰਗ ਫਸਟ ਏਡ ਲੈਕਚਰਾਰ ਸ਼੍ਰੀ ਅਸ਼ੀਸ਼ ਪਾਲ ਦੁਆਰਾ ਦਿੱਤੀ ਗਈ।

ਇਸ ਟ੍ਰੇਨਿੰਗ ਉਪਰੰਤ ਕੱਲ ਨੈਸ਼ਨਲ ਹੈੱਡ ਕੁਆਟਰ ਦਿੱਲੀ ਵੱਲੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਐਗਜਾਮੀਨਰ ਵੱਲੋਂ ਟੈਸਟ ਲਿਆ ਗਿਆ, ਜਿਸਦਾ ਕੁੱਝ ਦਿਨਾਂ ਤੱਕ ਰਿਜਲਟ ਆ ਜਾਵੇਗਾ ਅਤੇ ਸਬੰਧਤ ਸਿਖਿਆਰਥੀਆਂ ਨੂੰ ਆਨਲਾਇਨ ਸਰਟੀਫਿਕੇਟ ਪ੍ਰਾਪਤ ਹੋ ਜਾਣਗੇ।

ਸਕੱਤਰ ਰੈੱਡ ਕਰਾਸ ਨੇ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹੁਣ ਤੱਕ ਇਸ ਜ਼ਿਲ੍ਹੇ ਪਾਸ ਕੋਈ ਟਰੇਂਡ ਲੈਕਚਰਾਰ ਨਾ ਹੋਣ ਕਾਰਨ ਬਾਹਰਲੇ ਜ਼ਿਲ੍ਹਿਆਂ ਤੋ ਲੈਕਚਰਾਰ ਲਏ ਜਾਂਦੇ ਸਨ, ਪ੍ਰੰਤੂ ਹੁਣ ਇਹ ਸਮੱਸਿਆ ਨਹੀ ਰਹੀ। f

ਇਸ ਲਈ ਉਹਨਾਂ ਚਾਹਵਾਨ ਨੋਜਵਾਨਾਂ ਨੂੰ ਸੱਦਾ ਦਿੱਤਾ ਕਿ ਵੱਧ ਤੋਂ ਵੱਧ ਰਜਿਸ਼ਟਰੇਸ਼ਨ ਕਰਵਾਈ ਜਾਵੇ।

ਨਗਰ ਕੌਂਸਲ ਪ੍ਰਧਾਨ ਉਦੈਵੀਰ ਸਿੰਘ ਢਿੱਲੋਂ ਨੂੰ ਨਹੀਂ ਮਿਲੀ ਹਾਈ ਕੋਰਟ ਤੋਂ ਕੋਈ ਰਾਹਤ, ਮਾਮਲੇ ਦੀ ਅਗਲੀ ਤਰੀਕ 16 ਸਤੰਬਰ

ਜ਼ੀਰਕਪੁਰ, 6 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਨਿਰਧਾਰਤ ਸੁਣਵਾਈ ਦੌਰਾਨ ਜ਼ੀਰਕਪੁਰ ਨਗਰ ਕੌਂਸਲ ਦੇ ਪ੍ਰਧਾਨ ਉਦੈਵੀਰ ਸਿੰਘ ਢਿੱਲੋਂ ਨੂੰ ਹਾਈ ਕੋਰਟ ਤੋਂ ਕੋਈ ਰਾਹਤ ਨਹੀਂ ਮਿਲ ਸਕੀ ਅਤੇ ਮਾਮਲੇ ਦੀ ਅਗਲੀ ਤਰ

ਬੰਗਲਾਦੇਸ਼ ਹਿੰਸਾ: ਹਸੀਨਾ ਅਸਤੀਫ਼ਾ ਦੇਣ ਮਗਰੋਂ ਲੰਡਨ ਰਵਾਨਾ

ਭਾਰਤ ਵੱਲੋਂ ਸੁਰੱਖਿਅਤ ਪੈਸੇਜ ਮੁਹੱਈਆ ਕੀਤੇ ਜਾਣ ਦੀ ਚਰਚਾ; ਪ੍ਰਧਾਨ ਮੰਤਰੀ ਦੀ ਸਰਕਾਰੀ ਰਿਹਾਇਸ਼ 'ਚ ਵੜੇ ਪ੍ਰਦਰਸ਼ਨਕਾਰੀ

ਬੰਗਲਾਦੇਸ਼, 6 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੇ ਸਰਕਾਰ ਦੇ ਖ਼ਿਲਾਫ਼ ਜਾਰੀ ਪ੍ਰਦਰਸ਼ਨਾਂ ਦੇ ਮੱਦੇਨਜ਼ਰ ਅਸਤੀਫ਼ਾ ਦੇ ਦਿੱਤਾ ਹੈ ਅਤੇ ਦੇਸ਼ ਛੱਡ ਕੇ ਚਲੀ ਗਈ ਹੈ। ਹਾਲਾਂਕਿ ਢਾਕਾ ਛੱਡ ਕੇ ਜਾਣ ਬਾਰੇ ਕੋਈ ਅਧਿਕਾਰਤ ਬਿਆਨ ਨਹੀਂ ਆਇਆ ਹੈ। ਇਸੇ ਦੌਰਾਨ ਪ੍ਰਦਰਸ਼ਨਕਾਰੀ ਪ੍ਰਧਾਨ ਮੰਤਰੀ ਦੀ ਸਰਕਾਰੀ ਰਿਹਾਇਸ਼ ਵਿਚ ਦਾਖ਼ਲ ਹੋ ਗਏ।

ਇੱਕ ਨਿੱਜੀ ਚੈਨਲ ਜਮੁਨਾ ਸਮਾਚਾਰ ਨੇ ਕਿਹਾ ਹੈ ਕਿ ਵਿਵਾਦਤ ਕੋਟਾ ਵਿਵਸਥਾ ਨੂੰ ਲੈ ਕੇ ਹੋ ਰਹੇ ਪ੍ਰਦਰਸ਼ਨਾਂ ਤੋਂ ਬਾਅਦ ਸ਼ੇਖ ਹਸੀਨਾ ਨੂੰ ਅਸਤੀਫ਼ਾ ਦੇਣ ਲਈ ਮਜਬੂਰ ਹੋਣਾ ਪਿਆ ਹੈ। ਉਧਰ, ਘਟਨਾਕ੍ਰਮ ਤੋਂ ਜਾਣੂ ਕੁਝ ਲੋਕਾਂ ਦਾ ਕਹਿਣਾ ਹੈ ਕਿ ਸ਼ੇਖ ਹਸੀਨਾ ਲੰਡਨ ਜਾ ਰਹੀ ਹੈ। ਇਸ ਤੋਂ ਪਹਿਲਾਂ ਬੀਬੀਸੀ ਨੇ ਕਿਹਾ ਸੀ ਕਿ ਕਿ ਉਹ ਭਾਰਤ ਦੇ ਉੱਤਰ ਪੂਰਬੀ ਰਾਜ ਅਗਰਤਲਾ ਲਈ ਰਵਾਨਾ ਹੋਈ ਹੈ। ਇੰਟੈਲੀਜੈਂਸ ਦੇ ਸੂਤਰਾਂ ਦੇ ਹਵਾਲੇ ਨਾਲ ਸੀਐੱਨਐੱਨ-ਨਿਊਜ਼18 ਨੇ ਕਿਹਾ ਕਿ ਭਾਰਤ ਵੱਲੋਂ ਹਸੀਨਾ ਨੂੰ ਸੁਰੱਖਿਤ ਪੈਸੇਜ ਮੁਹੱਈਆ ਕਰਵਾਇਆ ਗਿਆ। ਬੰਗਲਾਦੇਸ਼ ਵਿੱਚ ਸੋਮਵਾਰ ਨੂੰ 'ਢਾਕਾ ਤੱਕ ਲੰਬੇ ਮਾਰਚ' ਲਈ ਇਕੱਠੇ ਹੋਣ ਮੌਕੇ ਹਿੰਸਾ ਦੀ ਤਾਜ਼ਾ ਘਟਨਾ ਦੌਰਾਨ ਘੱਟੋ ਘੱਟ 6 ਵਿਅਕਤੀਆਂ ਦੀ ਮੌਤ ਹੋ ਗਈ।

ਬੰਗਲਾਦੇਸ਼ ਦੇ ਫ਼ੌਜ ਮੁਖੀ ਜਨਰਲ ਵਕਾਰ-ਉਜ਼-ਜ਼ਮਾਨ ਨੇ ਐਲਾਨ ਕੀਤਾ ਹੈ ਕਿ ਮੈਂ (ਦੇਸ਼ ਦੀ) ਸਾਰੀ ਜ਼ਿੰਮੇਵਾਰੀ ਲੈ ਰਿਹਾ ਹਾਂ, ਕਿਰਪਾ ਕਰਕੇ ਸਹਿਯੋਗ ਕਰੋ। ਉਨ੍ਹਾਂ ਰਿਪੋਰਟਾਂ ਦੇ ਵਿਚਕਾਰ ਇੱਕ ਟੀਵੀ ਸੰਬੋਧਨ ਵਿੱਚ ਕਿਹਾ ਕਿ ਹਸੀਨਾ ਨੇ ਦੇਸ਼ ਛੱਡ ਦਿੱਤਾ ਹੈ। ਫ਼ੌਜ ਮੁਖੀ ਨੇ ਕਿਹਾ ਕਿ ਉਹ ਸਿਆਸੀ ਨੇਤਾਵਾਂ ਨੂੰ ਮਿਲੇ ਹਨ ਅਤੇ ਉਨ੍ਹਾਂ ਨੂੰ ਕਿਹਾ ਗਿਆ ਹੈ ਹੈ ਕਿ ਫ਼ੌਜ ਕਾਨੂੰਨ ਵਿਵਸਥਾ ਦੀ ਜ਼ਿੰਮੇਵਾਰੀ ਸੰਭਾਲੇਗੀ।

ਦੇਸ਼ ਭਰ ਵਿੱਚ ਹੋਰ ਰਹੇ ਵਿਰੋਧ ਪ੍ਰਦਰਸ਼ਨਾਂ ਦੇ ਸਬੰਧੀ ਉਨ੍ਹਾਂ ਕਿਹਾ ਕਿ ਫ਼ੌਜ ਅਤੇ ਪੁਲੀਸ ਦੋਹਾਂ ਨੂੰ ਗੋਲੀ ਨਾ ਚਲਾਉਣ ਲਈ ਕਿਹਾ ਹੈ।

ਢਾਕਾ ਵਿੱਚ ਪੀ.ਐਮ ਹਾਊਸ ਦਾ ਦਰਵਾਜ਼ਾ ਖੋਲ੍ਹ ਕੇ ਅੰਦਰ ਦਾਖ਼ਲ ਹੋਣ ਦਾ ਇੱਕ ਵੀਡੀਓ ਵੀ ਸਾਹਮਣੇ ਆਇਆ ਹੈ। ਇਸ ਵਿੱਚ ਹਜ਼ਾਰਾਂ ਲੋਕ ਪੀ.ਐਮ ਹਾਊਸ ਵਿੱਚ ਨਿਡਰ ਹੋ ਕੇ ਇਕੱਠੇ ਹੁੰਦੇ ਵੇਖੇ ਜਾ ਸਕਦੇ ਹਨ। ਉਥੇ ਕੋਈ ਸੁਰੱਖਿਆ ਕਰਮਚਾਰੀ ਜਾਂ ਪੁਲਸ ਮੁਲਾਜ਼ਮ ਨਜ਼ਰ ਨਹੀਂ ਆ ਰਹੇ। ਇਸ ਤੋਂ ਸਾਫ਼ ਹੈ ਕਿ ਫ਼ੌਜ ਨੇ ਪ੍ਰਦਰਸ਼ਨਕਾਰੀਆਂ ਨੂੰ ਖੁੱਲ੍ਹਾ ਹੱਥ ਦਿੱਤਾ ਹੋਇਆ ਹੈ। ਇੱਥੋਂ ਤੱਕ ਕਿ ਲੋਕ ਪੀ.ਐਮ ਹਾਊਸ ਤੋਂ ਕਈ ਸਾਮਾਨ ਚੁੱਕ ਕੇ ਲੈ ਜਾ ਰਹੇ ਹਨ।

ਬੰਗਬੰਧੂ ਸ਼ੇਖ ਮੁਜੀਬੁਰ ਰਹਿਮਾਨ ਦਾ ਤੋੜਿਆ ਬੁੱਤ

ਬੰਗਲਾਦੇਸ਼ ਤੋਂ ਸਾਹਮਣੇ ਆਏ ਵੀਡੀਓ 'ਚ ਪ੍ਰਦਰਸ਼ਨਕਾਰੀ ਬੰਗਬੰਧੂ ਸ਼ੇਖ ਮੁਜੀਬੁਰ ਰਹਿਮਾਨ ਦੇ ਬੁੱਤ 'ਤੇ ਚੜ੍ਹ ਕੇ ਇਸ ਨੂੰ ਤੋੜਦੇ ਨਜ਼ਰ ਆ ਰਹੇ ਹਨ। ਪ੍ਰਦਰਸ਼ਨਕਾਰੀ ਇੰਨੇ ਭੜਕ ਗਏ ਹਨ ਕਿ ਉਹ ਬੰਗਲਾਦੇਸ਼ ਦੇ ਰਾਸ਼ਟਰ ਪਿਤਾ ਵਜੋਂ ਜਾਣੇ ਜਾਂਦੇ ਬੰਗਬੰਧੂ ਸ਼ੇਖ ਮੁਜੀਬੁਰ ਰਹਿਮਾਨ ਦੇ ਬੁੱਤ 'ਤੇ ਚੜ੍ਹ ਗਏ ਅਤੇ ਹਥੌੜਿਆਂ ਦੀ ਵਰਤੋਂ ਕੀਤੀ।

ਫੌਜ ਬਣਾਏਗੀ ਅੰਤਰਿਮ ਸਰਕਾਰ

ਹਿੰਸਾ ਦਰਮਿਆਨ ਬੰਗਲਾਦੇਸ਼ ਦੇ ਫੌਜ ਮੁਖੀ ਜਨਰਲ ਵਕਾਰ-ਉਜ਼-ਜ਼ਮਾਨ ਨੇ ਪ੍ਰੈੱਸ ਕਾਨਫਰੰਸ 'ਚ ਲੋਕਾਂ ਨੂੰ ਸ਼ਾਂਤੀ ਬਣਾਏ ਰੱਖਣ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ ਰਾਸ਼ਟਰ ਨੂੰ ਸੰਬੋਧਿਤ ਕਰਦੇ ਹੋਏ ਕਿਹਾ, 'ਅਸੀਂ ਤੁਹਾਡੀਆਂ ਮੰਗਾਂ ਪੂਰੀਆਂ ਕਰਾਂਗੇ। ਭੰਨਤੋੜ ਕਰਨ ਤੋਂ ਬਚੋ। ਜੇ ਤੁਸੀਂ ਲੋਕ ਸਾਡੇ ਨਾਲ ਆਓ, ਅਸੀਂ ਸਥਿਤੀ ਬਦਲ ਦੇਵਾਂਗੇ। ਲੜਾਈ-ਝਗੜੇ, ਕੁੱਟਮਾਰ ਤੋਂ ਦੂਰ ਰਹੋ। ਅਸੀਂ ਅੱਜ ਸਾਰੇ ਪਾਰਟੀ ਆਗੂਆਂ ਨਾਲ ਗੱਲ ਕੀਤੀ ਹੈ। ਉਨ੍ਹਾਂ ਕਿਹਾ ਕਿ ਫੌਜ ਬੰਗਲਾਦੇਸ਼ ਵਿੱਚ ਅੰਤਰਿਮ ਸਰਕਾਰ ਬਣਾਏਗੀ।

ਕਿਸਾਨਾਂ ਨੂੰ ਵੋਟ ਬੈਂਕ ਮੰਨਣਾ ਬੰਦ ਕਰਨ ਸਿਆਸੀ ਪਾਰਟੀਆਂ: ਸ਼ਿਵਰਾਜ ਚੌਹਾਨ

ਕੇਂਦਰੀ ਖੇਤੀ ਮੰਤਰੀ ਨੇ ਕਾਂਗਰਸ ਨੂੰ ਕਿਸਾਨ ਵਿਰੋਧੀ ਕਰਾਰ ਦਿੱਤਾ

ਨਵੀਂ ਦਿੱਲੀ, 6 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਨੂੰ ਕਿਸਾਨ ਵਿਰੋਧੀ ਕਰਾਰ ਦਿੰਦੇ ਹੋਏ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੱਜ ਸਿਆਸੀ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਕਿਸਾਨਾਂ ਨੂੰ ਵੋਟ ਬੈਂਕ ਮੰਨਣਾ ਬੰਦ ਕਰਨ ਅਤੇ ਉਨ੍ਹਾਂ ਨਾਲ ਮਨੁੱਖਾਂ ਵਰਗਾਂ ਵਿਵਹਾਰ ਕਰਨ। ਰਾਜ ਸਭਾ ਵਿੱਚ ਖੇਤੀ ਮੰਤਰਾਲੇ ਦੇ ਕੰਮਕਾਜ 'ਤੇ ਹੋਈ ਚਰਚਾ 'ਤੇ ਅਧੂਰੇ ਰਹਿ ਗਏ ਆਪਣੇ ਜਵਾਬ ਨੂੰ ਅੱਗੇ ਵਧਾਉਂਦੇ ਹੋਏ ਖੇਤੀਬਾੜੀ ਮੰਤਰੀ ਚੌਹਾਨ ਨੇ ਕਿਹਾ ਕਿ

ਪ੍ਰਧਾਨ ਮੰਤਰੀ ਕਿਸਾਨ ਸਮਾਨ ਨਿਧੀ ਨਾਲ ਨਾ ਸਿਰਫ ਛੋਟੇ ਤੇ ਹਾਸ਼ੀਆਗਤ ਕਿਸਾਨ ਤਾਕਤਵਰ ਹੋਏ ਹਨ ਬਲਕਿ ਉਨ੍ਹਾਂ ਦਾ ਸਨਮਾਨ ਵੀ ਵਧਿਆ ਹੈ। ਚੌਹਾਨ ਜਦੋਂ ਜਵਾਬ ਦੇ ਰਹੇ ਸਨ ਤਾਂ ਕਾਂਗਰਸ ਦੇ ਰਣਦੀਪ ਸਿੰਘ ਸੁਰਜੇਵਾਲਾ ਨੇ ਉਨ੍ਹਾਂ ਨੂੰ ਕਈ ਵਾਰ ਰੋਕਣਾ ਚਾਹਿਆ ਅਤੇ ਭਾਜਪਾ ਸਰਕਾਰ 'ਤੇ ਕਿਸਾਨਾਂ 'ਤੇ ਗੋਲੀਆਂ ਚਲਾਉਣ ਦਾ ਦੋਸ਼ ਲਾਇਆ। ਇਸ 'ਤੇ ਖੇਤੀ ਮੰਤਰੀ ਨੇ ਕਿਹਾ, "ਮੈਂ ਪਹਿਲਾਂ ਹੀ ਕਿਹਾ ਸੀ ਕਿ ਮੈਨੂੰ ਛੇੜੋ ਨਾ। ਜੇ ਛੇੜਿਆ ਤਾਂ ਛੱਡਾਂਗਾ ਨਹੀਂ।" ਕਾਂਗਰਸ ਦੇ ਮੈਂਬਰਾਂ ਨੇ ਖੇਤੀ ਮੰਤਰੀ ਦੇ ਜਵਾਬ ਦਾ ਵਿਰੋਧ ਕਰਦੇ ਹੋਏ ਸਦਨ 'ਚੋਂ ਵਾਕਆਊਟ ਕਰ ਦਿੱਤਾ।

ਬਿਹਾਰ ਵਿੱਚ ਕਰੰਟ ਲੱਗਣ ਕਾਰਨ 9 ਕਾਂਵੜੀਆਂ ਦੀ ਮੌਤ, ਤਿੰਨ ਝੁਲਸੇ

ਬਿਜਲੀ ਦੀ ਹਾਈਟੈਨਸ਼ਨ ਤਾਰ ਦੀ ਲਪੇਟ ਵਿੱਚ ਆਉਣ ਕਾਰਨ ਵਾਪਰਿਆ ਹਾਦਸਾ

ਹਾਜ਼ੀਪੁਰ (ਬਿਹਾਰ), 6 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਬਿਹਾਰ ਦੇ ਵੈਸ਼ਾਲੀ ਜ਼ਿਲ੍ਹੇ ਵਿੱਚ ਹਾਈਟੈਨਸ਼ਨ ਤਾਰ ਦੀ ਲਪੇਟ ਵਿੱਚ ਆਉਣ ਕਾਰਨ ਘੱਟੋ ਘੱਟ ਨੌਂ ਕਾਂਵੜੀਆਂ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਝੁਲਸ ਗਏ।

ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਇਹ ਘਟਨਾ ਦਰਮਿਆਨੀ ਰਾਤ ਨੂੰ ਸੁਲਤਨਾਪੁਰ ਪਿੰਡ ਦੇ ਇੰਡਸਟਰੀਅਲ ਪੁਲੀਸ ਥਾਣਾ ਖੇਤਰ ਵਿੱਚ ਹੋਈ।

ਹਾਜ਼ੀਪੁਰ-ਸਦਰ ਦੇ ਉਪ ਮੰਡਲ ਅਧਿਕਾਰੀ ਰਾਮਬਾਬੂ ਬੈਠਾ ਨੇ ਮੀਡੀਆ ਨੂੰ ਦੱਸਿਆ, "ਇਹ ਘਟਨਾ ਐਤਵਾਰ ਤੇ ਸੋਮਵਾਰ ਦੀ ਦਰਮਿਆਨੀ ਰਾਤ ਨੂੰ ਉਸ ਸਮੇਂ ਵਾਪਰੀ ਜਦੋਂ ਕਾਂਵੜੀਏ ਜਲ ਚੜ੍ਹਾਉਣ ਲਈ ਸੋਨਪੁਰ ਵਿੱਚ ਬਾਬਾ ਹਰਿਹਰ ਨਾਥ ਮੰਦਰ ਜਾ ਰਹੇ ਸਨ।"

ਦਿੱਲੀ ਹਾਈ ਕੋਰਟ ਵੱਲੋਂ ਕੇਜਰੀਵਾਲ ਦੀ ਜ਼ਮਾਨਤ ਪਟੀਸ਼ਨ ਖਾਰਜ

ਸੁਪਰੀਮ ਕੋਰਟ ਦਾ ਰੁਖ਼ ਕਰਨਗੇ ਕੇਜਰੀਵਾਲ: 'ਆਪ'

ਨਵੀਂ ਦਿੱਲੀ, 6 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਹਾਈ ਕੋਰਟ ਨੇ ਅੱਜ ਕਥਿਤ ਆਬਕਾਰੀ ਨੀਤੀ ਘੁਟਾਲੇ ਨਾਲ ਸਬੰਧਤ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਸੀਬੀਆਈ ਵੱਲੋਂ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਕੀਤੀ ਗਈ ਗ੍ਰਿਫ਼ਤਾਰੀ ਨੂੰ ਬਰਕਰਾਰ ਰੱਖਿਆ ਹੈ। ਜਸਟਿਸ ਨੀਨਾ ਬਾਂਸਲ ਕ੍ਰਿਸ਼ਨਾ ਨੇ ਕੇਜਰੀਵਾਲ ਦੀ ਗ੍ਰਿਫ਼ਤਾਰੀ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਇਹ ਕਹਿੰਦੇ ਹੋਏ ਖਾਰਜ ਕਰ ਦਿੱਤੀ ਕਿ ਇਹ ਨਹੀਂ ਕਿਹਾ ਜਾ ਸਕਦਾ ਕਿ ਗ੍ਰਿਫ਼ਤਾਰੀ ਬਿਨਾ ਕਿਸੇ ਉਚਿਤ ਕਾਰਨ ਤੋਂ ਕੀਤੀ ਗਈ। ਹਾਈ ਕੋਰਟ ਨੇ 'ਆਪ' ਦੇ ਕੌਮੀ ਕਨਵੀਨਰ ਦੀ ਜ਼ਮਾਨਤ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਅਤੇ ਉਨ੍ਹਾਂ ਨੂੰ ਰਾਹਤ ਲਈ ਹੇਠਲੀ ਅਦਾਲਤ 'ਚ ਜਾਣ ਦੀ ਛੋਟ

ਦਿੱਤੀ ਹੈ।

ਉੱਧਰ, ਆਮ ਆਦਮੀ ਪਾਰਟੀ ਨੇ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸੀਬੀਆਈ ਮਾਮਲੇ ਵਿੱਚ ਆਪਣੀ ਜ਼ਮਾਨਤ ਪਟੀਸ਼ਨ ਦੇ ਸਬੰਧ ਵਿੱਚ ਸੁਪਰੀਮ ਕੋਰਟ ਦਾ ਰੁਖ਼ ਕਰਨਗੇ।

ਧਾਰਾ 370 ਬਾਰੇ ਫੈਸਲਾ ਥੋਪਣ ਦੀ ਬਜਾਏ ਜਨਤਾ ਦੀ ਸਹਿਮਤੀ ਨਾਲ ਲੈਣਾ ਚਾਹੁੰਦੇ ਸੀ: ਮੋਦੀ

ਨਵੀਂ ਦਿੱਲੀ, 6 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੰਮੂ ਕਸ਼ਮੀਰ ਵਿੱਚ ਧਾਰਾ 370 ਰੱਦ ਕਰਨ ਦੇ ਉਨ੍ਹਾਂ ਦੀ ਸਰਕਾਰ ਦੇ ਫੈਸਲੇ ਬਾਰੇ ਕਿਹਾ, "ਮੇਰੇ ਦਿਲ ਵਿੱਚ ਇਹ ਗੱਲ ਬਹੁਤ ਸਪੱਸ਼ਟ ਸੀ ਕਿ ਇਸ ਫੈਸਲੇ ਦੇ ਅਮਲ ਲਈ ਜੰਮੂ ਕਸ਼ਮੀਰ ਦੀ ਜਨਤਾ ਨੂੰ ਭਰੋਸੇ ਵਿੱਚ ਲੈਣਾ ਬਹੁਤ ਜ਼ਰੂਰੀ ਹੈ।"

ਪ੍ਰਧਾਨ ਮੰਤਰੀ ਮੋਦੀ ਨੇ '370: ਅਨਡੂਇੰਗ ਦਿ ਅਨਜੱਸਟ, ਏ ਨਿਊ ਫਿਊਚਰ ਫਾਰ ਜੰਮੂ ਕਸ਼ਮੀਰ' ਨਾਮ ਦੀ ਨਵੀਂ ਕਿਤਾਬ ਦੀ ਪ੍ਰਸਤਾਵਨਾ ਵਿਚ ਇਹ ਟਿੱਪਣੀਆਂ ਕੀਤੀਆਂ ਹਨ। ਉਨ੍ਹਾਂ ਕਿਤਾਬ ਵਿੱਚ ਲਿਖਿਆ, "ਅਸੀਂ ਚਾਹੁੰਦੇ ਸਨ ਕਿ ਜਦੋਂ ਵੀ ਇਹ ਫੈਸਲਾ ਲਿਆ ਜਾਵੇ ਤਾਂ ਇਹ ਲੋਕਾਂ 'ਤੇ ਥੋਪਣ ਦੀ ਬਜਾਏ ਉਨ੍ਹਾਂ ਦੀ ਸਹਿਮਤੀ ਨਾਲ ਹੋਣਾ ਚਾਹੀਦੈ।'

' ਇਹ ਕਿਤਾਬ ਗੈਰ-ਲਾਭਕਾਰੀ ਸੰਗਠਨ 'ਬਲੂਕ੍ਰਾਫਟ

ਡਿਜੀਟਲ ਫਾਊਂਡੇਸ਼ਨ' ਨੇ ਲਿਖੀ ਹੈ ਅਤੇ ਇਸ ਨੂੰ ਪੈਂਗੁਈਨ ਐਂਟਰਪ੍ਰਾਈਜ਼ ਨੇ ਪ੍ਰਕਾਸ਼ਿਤ ਕੀਤਾ ਹੈ। ਕਿਤਾਬ ਵਿੱਚ ਵਿਸਥਾਰ ਨਾਲ ਉਨ੍ਹਾਂ ਜਾਣਕਾਰੀਆਂ ਦਾ ਜ਼ਿਕਰ ਕੀਤਾ ਗਿਆ ਹੈ ਕਿ ਮੋਦੀ ਨੇ ਆਪਣੇ ਵਾਸਤੇ ਜੋ ਟੀਚੇ ਤੈਅ ਕੀਤੇ ਸਨ, ਉਨ੍ਹਾਂ ਨੂੰ ਕਿਵੇਂ ਹਾਸਲ ਕੀਤਾ।

ਡਾ ਬਲਜੀਤ ਕੌਰ ਨੇ ਆਂਗਨਵਾੜੀ ਯੂਨੀਅਨਾਂ ਨੂੰ ਉਹਨਾਂ ਦੀਆਂ ਜਾਇਜ ਮੰਗਾਂ ਮੰਨਣ ਦਾ ਦਿੱਤਾ ਭਰੋਸਾ

ਚੰਡੀਗੜ੍ਹ, 6 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਦੀ ਪ੍ਰਧਾਨਗੀ ਹੇਠ ਪ੍ਰੀ-ਪ੍ਰਾਈਮਰੀ ਬੱਚਿਆਂ ਦੇ ਵਿਕਾਸ ਲਈ ਸਿੱਖਿਆ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਅਹਿਮ ਮੀਟਿੰਗ ਕਰਦਿਆਂ ਵਿਭਾਗ ਨਾਲ ਸਬੰਧਤ ਵੱਖ-ਵੱਖ ਮੁੱਦਿਆਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ ਗਈ।

ਮੀਟਿੰਗ ਦੌਰਾਨ ਡਾ. ਬਲਜੀਤ ਕੌਰ ਨੇ ਆਂਗਨਵਾੜੀ ਵਰਕਰਾਂ ਦੀਆਂ ਵੱਖ-ਵੱਖ ਯੂਨੀਅਨਾਂ ਦੇ ਨੁਮਾਇੰਦਿਆਂ ਨੂੰ ਸੁਣਿਆ। ਉਨ੍ਹਾਂ ਦੀਆਂ ਮੁੱਖ ਮੰਗਾਂ ਵਿੱਚ ਆਂਗਨਵਾੜੀ ਵਰਕਰਾਂ ਨੂੰ ਪ੍ਰੀ-

ਨਰਸਰੀ ਟੀਚਰ ਦਾ ਦਰਜਾ ਦੇਣਾ ਅਤੇ ਸਾਲ 2017 ਵਿੱਚ 3 ਤੋਂ 6 ਸਾਲ ਦੀ ਉਮਰ ਦੇ ਬੱਚੇ ਜੋ ਸਰਕਾਰੀ ਪ੍ਰਾਈਮਰੀ ਸਕੂਲਾਂ ਵਿਚ ਸਿਫਟ ਕਰ ਦਿੱਤੇ ਗਏ ਸਨ, ਨੂੰ ਵਾਪਸ ਆਂਗਨਵਾੜੀ ਸੈਂਟਰਾਂ ਵਿੱਚ ਭੇਜਣ ਬਾਰੇ, ਆਪਣੀ ਮੰਗਾਂ ਨੂੰ ਰੱਖਿਆ ਗਿਆ। ਸਮਾਜਿਕ ਸੁਰੱਖਿਆ ਤੇ ਇਸਤਰੀ ਬਾਲ ਵਿਕਾਸ ਮੰਤਰੀ ਵੱਲੋਂ ਆਂਗਨਵਾੜੀ ਯੂਨੀਅਨਾਂ ਦੀਆਂ ਮੰਗਾਂ ਨੂੰ ਵਿਸਥਾਰ ਨਾਲ ਸਿੱਖਿਆ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਮੰਤਰੀ ਨੇ ਯੂਨੀਅਨ ਮੈਂਬਰਾਂ ਨੂੰ ਵਿਸਵਾਸ ਦਿਵਾਇਆ ਕਿ ਉਹਨਾਂ ਦੀ ਹਰ ਇਕ ਜਾਇਜ ਮੰਗ ਨੂੰ ਪੂਰਾ ਕਰਨ ਲਈ ਹਰ ਸੰਭਵ ਯਤਨ ਕੀਤੇ ਜਾਣਗੇ।

ਨਵ ਨਿਯੁਕਤ ਐਸ ਐਸ ਪੀ ਪਟਿਆਲਾ ਨਾਨਕ ਸਿੰਘ ਵਲੋਂ ਸੰਭਲਿਆ ਚਾਰਜ

ਪਟਿਆਲਾ, 6 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਨਵ ਨਿਯੁਕਤ ਐਸ ਐਸ ਪੀ ਪਟਿਆਲਾ ਨਾਨਕ ਸਿੰਘ ਆਈ ਪੀ ਐਸ ਨੇ ਪਟਿਆਲਾ ਦੇ ਐਸ ਐਸ ਪੀ ਵਜੋਂ ਸੰਭਾਲਿਆ ਆਪਣਾ ਚਾਰਜ ਇਸ ਮੌਕੇ ਉਨ੍ਹਾਂ ਸੰਬੋਧਨ ਕਰਦਿਆ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਜੀ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ ਜੀ, ਡੀ ਆਈ ਜੀ ਪਟਿਆਲਾ ਰੇਂਜ ਹਰਚਰਨ ਸਿੰਘ ਭੁੱਲਰ ਜੀ ਦੀ ਅਗਵਾਈ ਹੇਠ ਪਟਿਆਲਾ ਜ਼ਿਲ੍ਹੇ ਨੂੰ ਅਪਰਾਧ ਮੁਕਤ ਕੀਤਾ ਜਾਵੇਗਾ ਉਹਨਾਂ ਨਸਾ ਤਸਕਰਾਂ ਨੂੰ ਸਖ਼ਤ ਚੇਤਾਵਨੀ ਦਿੱਤੀ ਕਿ ਉਹੋ ਨਸ਼ਿਆਂ ਦਾ ਕਾਰੋਬਾਰ ਬੰਦ ਕਰਨ ਨਹੀਂ ਤਾਂ ਉਹਨਾਂ ਨੂੰ ਕਿਸੇ ਵੀ ਕੀਮਤ ਤੇ ਨਹੀਂ ਬਖਸ਼ਿਆ ਜਾਵੇਗਾ, ਉਹਨਾਂ ਕਿਹਾ ਕਿ ਸ਼ਹਿਰ ਦੀ ਟ੍ਰੈਫਿਕ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਪਬਲਿਕ ਤੋਂ ਸਹਿਯੋਗ ਦੀ ਮੰਗ ਕੀਤੀ, ਅਤੇ ਉਹਨਾਂ ਪਬਲਿਕ ਨੂੰ ਅਪੀਲ ਕੀਤੀ ਕਿ ਉਹੋ ਨਸਾ ਤਸਕਰਾਂ ਦੀ ਸੂਚਨਾ ਪੁਲਿਸ ਨੂੰ ਦੇਣ ਤਾ ਜੋਂ ਉਹਨਾਂ ਤੇ ਸਖਤ ਕਾਰਵਾਈ ਕੀਤੀ ਜਾ ਸਕੇ

ਭਾਰਤੀ ਚੋਣ ਕਮਿਸ਼ਨ ਨੇ ਪੰਜਾਬ ਵਿਧਾਨ ਸਭਾ 2022 ਦੀਆਂ ਚੋਣਾਂ ਲੜਨ ਵਾਲੇ 6 ਉਮੀਦਵਾਰ ਅਯੋਗ ਐਲਾਨੇ : ਸਿਬਿਨ ਸੀ

ਚੋਣ ਖਰਚੇ ਨਾ ਦੇਣ ਕਰਕੇ ਗੁਰਦਾਸਪੁਰ ਜ਼ਿਲੇ ਦੇ 6 ਉਮੀਦਵਾਰ ਅਗਲੇ 3 ਸਾਲ ਤੱਕ ਨਹੀਂ ਲੜ ਸਕਣਗੇ ਚੋਣਾਂ

ਚੰਡੀਗੜ੍ਹ, 6 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਹੁਕਮਾਂ ਰਾਹੀਂ ਪੰਜਾਬ ਵਿਧਾਨ ਸਭਾ 2022 ਦੀਆਂ ਚੋਣਾਂ ਲੜਨ ਵਾਲੇ 6 ਉਮੀਦਵਾਰਾਂ ਨੂੰ ਅਯੋਗ ਐਲਾਨਿਆ

ਹਿਯੂਨ ਸਾਂਗ ਨੂੰ ਭਾਰਤ-ਚੀਨ ਦੀ ਪੁਰਾਤਨ ਭਾਈਚਾਰਕ ਸਾਂਝ ਦਾ ਦੇਵਦੂਤ ਕਿਹਾ ਜਾਂਦਾ। ਉਹ ਜਿੱਥੇ ਇਕ ਨਾਮਵਰ ਚੀਨੀ ਯਾਤਰੀ ਸੀ, ਉਥੇ ਇਕ ਪ੍ਰਸਿੱਧ ਬੋਧੀ ਸਕਾਲਰ, ਭਿਖਸ਼ੂ, ਚਿੰਤਕ, ਇਤਿਹਾਸਕਾਰ, ਅਨੁਵਾਦਕ ਵੀ ਸੀ ਜਿਸ ਦਾ ਬੋਧੀ ਸਿਧਾਂਤ ਅਤੇ ਸਿੱਖਿਆਵਾਂ ਦੇ ਪ੍ਰਚਾਰ-ਪਾਸਾਰ ਵਿਚ ਬਹੁਤ ਵੱਡਾ ਯੋਗਦਾਨ ਹੈ...

ਪ੍ਰੋ. ਜਸਵੰਤ ਸਿੰਘ ਗੰਡਮ
98766-55055

ਹਿਯੂਨ ਸਾਂਗ ਯਾਦਗਾਰੀ ਹਾਲ

ਭਾਰਤੀ ਤੇ ਚੀਨੀ ਸ਼ਿਲਪਕਲਾ ਦਾ ਸੁੰਦਰ ਸੁਮੇਲ

ਨਾਲੰਦਾ ਵਿਚ ਸਥਿਤ ਹਿਯੂਨ ਸਾਂਗ (ਸ਼ਵੇਨ ਸਾਂਗ) ਯਾਦਗਾਰੀ ਹਾਲ ਭਾਰਤੀ ਅਤੇ ਚੀਨੀ ਸ਼ਿਲਪਕਲਾ ਦਾ ਸੁੰਦਰ ਸੁਮੇਲ ਹੈ। 4. 85 ਏਕੜ ਵਿਚ ਫੈਲਿਆ ਇਹ ਆਕਰਸ਼ਕ ਕੰਪਲੈਕਸ 'ਨਵਾਂ ਨਾਲੰਦਾ ਮਹਾਂਵਿਹਾਰਾ (ਡੀਮਡ ਯੂਨੀਵਰਸਿਟੀ) ਦੀ ਦੇਖ-ਰੇਖ ਵਿਚ ਚੱਲਦਾ ਹੈ।

ਇਸ ਯਾਦਗਾਰੀ ਹਾਲ ਵਿਚਲੇ ਪੱਥਰ ਅਤੇ ਹੋਰ ਥਾਵਾਂ ਉੱਪਰ ਹਿਯੂਨ ਸਾਂਗ ਦਾ ਨਾਮ 'ਸ਼ਵੇਨ ਸਾਂਗ' ਹੀ ਉਕਰਿਆ/ਲਿਖਿਆ ਮਿਲਦਾ ਹੈ। ਨਾਲ ਬਰੈਕਟਾਂ ਵਿਚ ਹਿਯੂਨ ਸਾਂਗ ਵੀ ਲਿਖਿਆ ਹੋਇਐ। ਦਰਅਸਲ ਸੱਤਵੀਂ ਸਦੀ ਵਿਚ ਪ੍ਰਸਿੱਧ ਪਰ ਮੁਸ਼ਕਲ ਪੈਂਡੇ ਵਾਲੇ ਸਿਲਕ ਰੂਟ ਰਾਹੀਂ ਭਾਰਤ ਦੀ ਯਾਤਰਾ 'ਤੇ ਆਏ ਇਸ ਹਿੰਮਤੀ ਚੀਨੀ ਯਾਤਰੀ ਦੇ ਜਿੰਨੇ ਉਪਨਾਮ/ਉਰਫ ਹਨ ਸ਼ਾਇਦ ਹੀ ਕਿਸੇ ਹੋਰ ਦੇ ਹੋਣ। ਵਿੱਕੀਪੀਡੀਆ ਵਿਚ ਤਾਂ ਬਕਾਇਦਾ ਇਕ ਚਾਰਟ ਬਣਿਆ ਮਿਲਦੈ ਜਿਸ ਉਪਰ ਵੱਖ-ਵੱਖ ਦੇਸ਼ਾਂ ਵਿਚ ਵਰਤੇ ਜਾਂਦੇ ਕੋਈ 40 ਦੇ ਕਰੀਬ ਨਾਵਾਂ/ਉਪਨਾਮਾਂ ਦਾ ਵਰਣਨ ਕੀਤਾ ਗਿਆ। ਇਨ੍ਹਾਂ ਬਹੁੜਿਆਂ ਦੇ ਅਰਥ ਵੀ ਚਾਰਟ ਦੇ ਹੇਠਲੇ ਪਾਸੇ ਲਿਖੇ ਹੋਏ ਹਨ-ਟੈਂਗ/ਸਾਂਗ ਵੰਸ਼, ਗਰੇਟ ਮਾਸਟਰ, ਟੈਂਗ/ਸਾਂਗ ਵੰਸ਼ੀ ਭਿਕਸ਼ੂ, ਸਾਨਜ਼ਾਂਗ-ਜੋ ਬੁੱਧ ਧਰਮ ਦੇ ਵਿਧਾਨ/ਸਿਧਾਂਤਾਂ ਅਤੇ ਧਰਮ-ਗ੍ਰੰਥਾਂ ਲਈ ਵਰਤੀ ਜਾਂਦੀ ਚੀਨੀ ਟਰਮ ਹੈ ਜਿਸ ਨੂੰ 'ਤਰੀਪਿਟਕਾ' ਵੀ ਕਿਹਾ ਜਾਂਦਾ।

ਹਾਂ, ਇਹ ਸੱਚ ਹੈ ਕਿ ਅਸੀਂ ਸਕੂਲ ਵੇਲੇ ਤੋਂ ਲੈ ਕੇ ਵਡੇਰੀ ਉਮਰ ਤੀਕ ਇਕ ਹੀ ਨਾਮ ਹਿਯੂਨ ਸਾਂਗ ਪੜ੍ਹਦੇ-ਸੁਣਦੇ ਆਏ ਹਾਂ ਅਤੇ ਹੁਣ ਜਾ ਕੇ ਇਹ ਪਤਾ ਲੱਗਾ ਕਿ ਹਿਯੂਨ ਸਾਂਗ ਨੂੰ ਸ਼ਵੇਨ ਸਾਂਗ ਵੀ ਸੱਦਦੇ ਹਨ।

ਬਹੁ-ਉਰਫੀ ਹਿਯੂਨ ਸਾਂਗ 602 ਈਸਵੀ ਦੇ ਕਰੀਬ ਚੇਨ ਹੁਈ ਨਾਮ ਦੇ ਬਾਲ ਵਜੋਂ ਚੇਨਹੇ ਪਿੰਡ, ਗਉਸ਼ੀ ਸ਼ਹਿਰ, ਲੂਓਜ਼ਾਂਓ, ਜੋ ਹੁਣ ਦੇ ਚੀਨ ਵਿਚਲਾ ਲੂਓਯਾਂਗ ਦਾ ਇਲਾਕਾ ਹੈ, ਵਿਚ ਇਕ ਪ੍ਰਬੁੱਧ ਪਰਿਵਾਰ ਵਿਚ ਪੈਦਾ ਹੋਇਆ ਸੀ। ਪਰ ਇਹ ਸੰਮਤ ਹਿਯੂਨ ਸਾਂਗ ਦੇ ਬੁੱਤ ਹੇਠਾਂ ਲੱਗੀ ਪੱਥਰ ਦੀ ਸਲੈਬ ਉਪਰ 603 ਈਸਵੀ ਦਰਜ ਹੈ ਜਦ ਕਿ ਵਿਕੀਪੀਡੀਆ, ਇਨਸਾਈਕਲੋਪੀਡੀਆ ਬਰਿਟੈਨਿਕਾ, ਇੰਟਰਨੈੱਟ ਇਨਸਾਈਕਲੋਪੀਡੀਆ ਆਫ ਫਿਲੋਸਫੀ ਵਿਚ ਜਨਮ ਦਾ ਸੰਮਤ 602 ਦੇ ਨੇੜੇ-ਤੇੜੇ ਲਿਖਿਆ। ਉਸ ਦੀ ਜਨਮ ਤਰੀਕ ਬਾਰੇ ਵੀ ਭੰਬਲਭੂਸਾ ਹੈ। ਉਸ ਦੀ ਮੌਤ 5 ਫਰਵਰੀ 664 ਈਸਵੀ ਵਿਚ ਯੁਹੂਆ ਮਹੱਲ, ਜੋ ਹੁਣ ਟੌਗਚੁਆਨ ਸ਼ਾਂਕਸੀ ਇਲਾਕੇ ਵਿਚ ਹੈ, ਵਿਚ ਹੋਈ (ਸਰੋਤ-ਵਿਕੀਪੀਡੀਆ)।

ਬਚਪਨ ਤੋਂ ਹੀ ਉਸ ਨੂੰ ਧਾਰਮਿਕ ਪੁਸਤਕਾਂ ਪੜ੍ਹਨ ਦਾ ਸ਼ੌਕ ਸੀ। 13 ਸਾਲ ਦੀ ਉਮਰ ਵਿਚ ਉਹ 'ਸਰਾਮਨੇਰਾ' (ਸਿਖਾਂਦਰੂ ਭਿਕਸ਼ੂ) ਨਿਯੁਕਤ ਕਰ ਦਿੱਤਾ ਗਿਆ ਅਤੇ 20 ਸਾਲ ਦੀ ਉਮਰ 'ਚ ਉਹ ਪੂਰਨ ਭਿਕਸ਼ੂ ਦੇ ਤੌਰ 'ਤੇ ਸਥਾਪਿਤ ਕਰ ਦਿੱਤਾ ਗਿਆ। ਭਾਰਤ ਦੀ 16 ਸਾਲ ਦੀ ਯਾਤਰਾ ਦੌਰਾਨ ਉਹ 5 ਸਾਲ ਨਾਲੰਦਾ ਵਿਚ ਰਿਹਾ, ਚਾਰ ਸਾਲ ਵਿਸ਼ਵ-ਵਿਦਿਆਲਾ ਦੇ ਵਿਦਿਆਰਥੀ ਵਜੋਂ ਅਤੇ ਬਾਦ ਵਿਚ ਇਕ ਸਾਲ ਅਧਿਆਪਕ ਦੇ ਤੌਰ 'ਤੇ।

ਇਸ ਕਰਕੇ ਹੀ ਨਾਲੰਦਾ ਵਿਚ ਇਸ ਨੂੰ ਅੱਤ-ਸਤਿਕਾਰ ਨਾਲ 'ਪੂਜਨੀਕ ਸ਼ਵੇਨ ਸਾਂਗ' ਪੁਕਾਰਿਆ ਜਾਂਦਾ ਹੈ। ਇਸ ਵਲੋਂ ਬੁੱਧ ਧਰਮ ਦੀਆਂ ਸਿੱਖਿਆਵਾਂ ਨੂੰ ਚੀਨ ਸਮੇਤ ਹੋਰ ਥਾਵਾਂ ਉੱਪਰ ਫੈਲਾਉਣ ਕਾਰਨ ਇਸ ਨੂੰ 'ਮਹਾਂਪੁਰਖ' ਦੇ ਸਨਮਾਨਤ ਸੰਬੋਧਨ ਨਾਲ ਵੀ ਮੁਖਾਤਬ ਕੀਤਾ ਜਾਂਦਾ ਹੈ। ਉਸ ਦੇ ਬੁੱਤ ਦੇ ਪੱਥਰ ਉੱਪਰ ਅੰਕਿਤ ਹੈ-"ਸ਼ਵੇਨ ਸਾਂਗ ਵਿਸ਼ਵ ਦੇ ਵਿਸ਼ਿਸ਼ਟ ਮਹਾਂਪੁਰਖਾਂ ਵਿੱਚੋਂ ਇਕ ਸਨ। ਉਨ੍ਹਾਂ ਦਾ ਮਹਾਨ ਉਦੇਸ਼ ਮਾਨਵਜਾਤੀ ਦਾ ਕਲਿਆਣ ਅਤੇ ਮਾਨਵ ਸੱਭਿਅਤਾ ਦੀਆਂ ਸ਼ਾਨਾਮੱਤੀਆਂ ਕਦਰਾਂ-ਕੀਮਤਾਂ ਦੀ ਵਿਆਖਿਆ ਕਰਨਾ ਸੀ।"

ਹਿਯੂਨ ਸਾਂਗ ਨੂੰ ਭਾਰਤ-ਚੀਨ ਦੀ ਪੁਰਾਤਨ ਭਾਈਚਾਰਕ ਸਾਂਝ ਦਾ ਦੇਵਦੂਤ ਕਿਹਾ ਜਾਂਦਾ। ਹਿਯੂਨ ਸਾਂਗ ਯਾਦਗਾਰੀ ਹਾਲ ਦਾ ਮਕਸਦ ਵੀ ਇਸ ਮਹਾਨ ਯਾਤਰੀ ਦੀ ਮਾਨਵ ਦੀ ਆਜ਼ਾਦ-ਖਿਆਲ ਰੂਹ, ਗਿਆਨ ਦੀ ਖੋਜ, ਕੌਮਾਂਤਰੀ ਭਾਈਚਾਰੇ ਨੂੰ ਇਕ ਸੂਤਰ ਵਿਚ ਪਰੋਣ ਅਤੇ ਭਾਰਤੀ-ਚੀਨੀ ਪੁਰਾਤਨ ਸਾਂਝ ਨੂੰ ਹੋਰ ਪਕੇਰਾ ਕਰਨ ਦੇ ਉਦਮਾਂ ਨੂੰ ਉਜਾਗਰ ਕਰਨਾ ਹੈ।

ਹਿਯੂਨ ਸਾਂਗ ਜਿੱਥੇ ਇਕ ਨਾਮਵਰ ਚੀਨੀ ਯਾਤਰੀ ਸੀ ਉੱਥੇ ਉਹ ਇਕ ਪ੍ਰਸਿੱਧ ਬੋਧੀ ਸਕਾਲਰ, ਭਿਖਸ਼ੂ, ਚਿੰਤਕ, ਇਤਿਹਾਸਕਾਰ, ਅਨੁਵਾਦਕ ਵੀ ਸੀ ਜਿਸ ਦਾ ਬੋਧੀ ਸਿਧਾਂਤ ਅਤੇ ਸਿੱਖਿਆਵਾਂ ਦੇ ਪ੍ਰਚਾਰ-ਪਾਸਾਰ ਵਿਚ ਬਹੁਤ ਵੱਡਾ ਯੋਗਦਾਨ ਹੈ। ਸਾਂਗ ਵੰਸ਼ ਦੇ ਪਹਿਲੇ ਪਹਿਲ ਚੀਨੀ ਅਤੇ ਭਾਰਤੀ ਬੁੱਧਵਾਦ ਵਿਚਲੇ ਪ੍ਰਸਪਰ ਪ੍ਰਭਾਵਾਂ ਦੇ ਵਰਣਨ-ਬਿਰਤਾਂਤ ਵਿਚ ਉਸ ਦਾ ਕੋਈ ਸਾਨੀ ਨਹੀਂ। ਉਸ ਦੇ ਯਾਤਰਾ ਬਿਰਤਾਤਾਂ ਦੀ ਕਿਤਾਬ 'ਗਰੇਟ ਟੈਂਗ ਰਿਕਾਰਡਸ ਆਫ ਦਾ ਵੈਸਟਰਨ ਰਿਜਨ' ਇਕ ਕਲਾਸਿਕ ਰਚਨਾ ਹੈ ਜੋ ਮੱਧਕਾਲੀਨ ਸੈਂਟਰਲ ਏਸ਼ੀਆ ਅਤੇ ਭਾਰਤ ਬਾਰੇ ਜਾਣਕਾਰੀ ਦਾ ਬਹੁਮੁੱਲਾ ਸਰੋਤ ਸਮਝੀ ਜਾਂਦੀ ਹੈ। ਇਹ ਰਚਨਾ ਬਾਅਦ ਵਿਚ 'ਵੂ ਛੇਨਗੇਨ' ਲਈ ਮਿੰਗ ਵੰਸ਼ ਸਮੇਂ 'ਜਰਨੀ ਟੂ ਦਾ ਵੈਸਟ' ਨਾਵਲ ਲਿਖਣ ਦੀ ਪ੍ਰੇਰਨਾ ਬਣੀ। ਹੁਣ ਤਾਂ 'ਜ਼ੁਆਂਗਸਾਂਗ' ਨਾਂ ਦੀ ਮਸ਼ਹੂਰ ਫਿਲਮ ਵੀ ਬਣ ਚੁੱਕੀ ਹੈ।

ਉਸ ਦੇ ਇਸ ਮਹਾਨ ਯੋਗਦਾਨ ਕਾਰਨ ਧਰਮ ਗੁਰੂ ਦਲਾਈ ਲਾਮਾ ਅਤੇ ਨਵਾ ਨਾਲੰਦਾ ਮਹਾਵਿਹਾਰਾ ਦੇ ਬਾਨੀ ਡਾਇਰੈਕਟਰ ਤੀਖੂ ਜਗਦੀਸ਼ ਕਸ਼ਯਪ ਨੇ ਸਭ ਤੋਂ ਪਹਿਲਾਂ ਉਸ ਦੀ ਯਾਦਗਾਰ ਬਣਾਏ ਜਾਣ ਬਾਰੇ ਵਿਚਾਰ ਦਿੱਤਾ। 1957 ਵਿਚ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰ. ਜਵਾਹਰ ਲਾਲ ਨਹਿਰੂ ਅਤੇ ਚੀਨ ਦੇ ਪ੍ਰੀਮੀਅਰ ਚਊ ਐਨ ਲਾਈ ਦੀ ਸਾਂਝੀ ਪਹਿਲਕਦਮੀ ਨੇ ਇਸ ਸੰਕਲਪ ਨੂੰ ਬੂਰ ਪਾਇਆ।

1960 ਵਿਚ ਇਸ ਦਾ ਕੰਮ ਆਰੰਭ ਹੋ ਗਿਆ। ਚੀਨ ਸਰਕਾਰ ਕੋਲੋਂ ਹਿਯੂਨ ਸਾਂਗ ਦੀਆਂ ਪਵਿੱਤਰ ਨਿਸ਼ਾਨੀਆਂ (ਰੈਲਿਕਸ) ਅਤੇ ਬੋਧੀ ਟੈਕਸਟਾਂ ਲਈਆਂ ਗਈਆਂ। 1960 ਵਿਚ ਉਸਾਰੀ ਸ਼ੁਰੂ ਹੋਈ ਅਤੇ 1984 ਵਿਚ ਪੂਰੀ ਹੋਈ। ਇਸ ਸਬੰਧੀ ਮਹਾਵਿਹਾਰਾ ਵਿਚ ਇਕ ਵਿਸ਼ਾਲ ਸਮਾਗਮ ਹੋਇਆ।

2001 ਵਿਚ ਮਹਾਵਿਹਾਰਾ ਨੂੰ ਇਸ ਯਾਦਗਾਰੀ ਹਾਲ ਵਿਚ ਸਿਰਜਣਾਤਮਕ ਕਾਰਜ, ਨੂਤਨੀਕਰਨ ਅਤੇ ਪੁਨਰ-ਸਥਾਪਨ ਦਾ ਕਾਰਜ ਸੌਂਪਿਆ ਗਿਆ। 2005 ਵਿਚ ਚੀਨ ਅਤੇ ਭਾਰਤ ਦੇ ਵਿਸ਼ੇਸ਼ਗਾਂ ਦੀ ਟੀਮ ਨੇ ਮਿਲ ਕੇ ਪਲੈਨ ਬਣਾਏ। ਇਕ ਅਜਾਇਬ ਘਰ ਬਣਾਏ ਜਾਣ ਦੀ ਸਿਫਾਰਸ਼ ਕੀਤੀ ਗਈ ਜੋ 2006 ਵਿਚ ਬਣ ਗਿਆ। ਦੋਹਾਂ ਮੁਲਕਾਂ ਦੇ ਪਤਵੰਤਿਆਂ ਦੀ ਹਾਜ਼ਰੀ ਵਿਚ 12 ਫਰਵਰੀ 2007 ਨੂੰ ਇਸ ਦਾ ਉਦਘਾਟਨ ਕੀਤਾ ਗਿਆ। ਇਹ ਸਾਲ ਮਹਾਤਮਾ ਬੁੱਧ ਦੇ ਮਹਾ-ਪ੍ਰੀਨਿਰਵਾਣ ਦਾ 2550ਵਾਂ ਵਰ੍ਹਾ ਸੀ।

ਯਾਦਗਾਰੀ ਹਾਲ ਦੀ ਕੰਧ-ਚਿੱਤਰਕਾਰੀ, ਪੇਂਟਿੰਗ, ਸੀਲਿੰਗ ਅਤੇ ਹੋਰ ਕਲਾ-ਕ੍ਰਿਤੀਆਂ ਭਾਰਤੀ ਕਲਾਕਾਰਾਂ ਦੀ ਦੇਣ ਹਨ ਅਤੇ ਅਜੰਤਾ ਦੀਆਂ ਗੁਫ਼ਾਵਾਂ ਵਿਚਲੀ ਕਲਾ ਦਾ ਝਲਕਾਰਾ ਦਿੰਦੀਆਂ ਹਨ। ਪਰ ਪਰਵੇਸ਼ ਦੁਆਰ, ਦੂਸਰੇ ਗੇਟ, ਕਾਂਸੀ ਅਤੇ ਤਾਂਬੇ ਦਾ ਕੰਮ ਚੀਨੀ ਕਲਾਕਾਰਾਂ ਨੇ ਸਰਅੰਜਾਮ ਦਿੱਤਾ। ਹਾਲ ਵੀ ਚੀਨੀ ਸ਼ਿਲਪਕਾਰੀ ਦੇ ਸਟਾਈਲ ਨਾਲ ਬਣਾਇਆ ਗਿਆ। ਭਾਰੀ ਘੰਟੀ ਪੈਵਿਲੀਅਨ, ਯਾਦਗਾਰੀ ਗੇਟ ਵੀ ਚੀਨੀ ਕਲਾ ਦੀ ਦੇਣ ਹਨ। ਉਪਰਲੀਆਂ ਛੱਤਾਂ ਦਾ ਸਟਾਈਲ ਜਪਾਨੀ ਹੈ। ਟੀਕਵੁੱਡ ਅਤੇ ਚੁਨਾਰਸਟੋਨ ਦਾ ਇਸਤੇਮਾਲ ਕੀਤਾ ਗਿਆ ਹੈ। ਕਲਾ ਦੀ ਤ੍ਰੈਵੇਣੀ ਦਾ ਇਹ ਸੰਗਮ ਮਨਮੋਹਕ ਹੈ। •

ਹਿਯੂਨ ਸਾਂਗ ਅਨੁਸਾਰ ਰਵਾਇਤੀ ਮਨੌਤ ਹੈ ਕਿ ਨਾਲੰਦਾ ਦਾ ਨਾਂ ਸ਼ਬਦ 'ਨਾਗਾ' ਤੋਂ ਪਿਆ, ਜੋ ਇਕ ਤਲਾਬ ਵਿਚ ਰਹਿੰਦਾ ਸੀ। ਉਹ ਦੱਸਦਾ ਹੈ ਕਿ 'ਬੋਧੀਸੱਤਵਾ' ਵਜੋਂ ਪੂਰਬਲੇ ਜਨਮ ਸਮੇਂ ਮਹਾਰਾਜੇ ਦੇ ਰੂਪ ਵਿਚ ਇਹ ਸਥਾਨ ਬੁੱਧ ਦੀ ਰਾਜਧਾਨੀ ਸੀ। ਉਸ ਦੇ ਕ੍ਰਿਪਾਲੂ ਸੁਭਾਅ ਕਾਰਨ ਇਸ ਦਾ ਨਾਂ 'ਨਾਲੰਦਾ' ਜਿਸ ਦਾ ਅਰਥ ਹੈ 'ਨਿਰੰਤਰ ਦਯਾ', ਪੈ ਗਿਆ...

ਨਾਲੰਦਾ ਵਿਸ਼ਵ ਵਿਦਿਆਲਾ ਦੇ ਖੰਡਰ

ਜੇ ਕਿਸੇ ਨੇ ਖੰਡਰਾਂ ਵਿਚ ਖੂਬਸੂਰਤੀ ਦੇ ਦਰਸ਼ਨ ਕਰਨੇ ਹੋਣ ਤਾਂ ਨਾਲੰਦਾ ਵਿਸ਼ਵ ਵਿਦਿਆਲਾ ਦੇ ਖੰਡਰ ਦੇਖੇ। ਉੱਜੜੀ-ਪੁੱਜੜੀ ਥਾਂ ਦੀ ਜਿਸ ਰੀਝ ਅਤੇ ਸੁਹਜ ਨਾਲ ਸਾਂਭ-ਸੰਭਾਲ ਕੀਤੀ ਹੈ, ਤੱਕ ਕੇ ਦਿਲ ਅਸ਼ ਅਸ਼ ਕਰ ਉਠਦੈ। ਥੋਹਾਂ ਵੀ ਸੁਹਾਵੀਆਂ ਥਾਵਾਂ ਹੋ ਸਕਦੀਆਂ ਹਨ, ਇਸ ਗੱਲ ਦੀ ਪੁਸ਼ਟੀ ਨਾਲੰਦਾ 'ਚ ਹੁੰਦੀ ਹੈ। ਜਿੰਨੀ ਹਰਿਆਵਲ, ਪੇੜ-ਪੌਦੇ, ਹਰੇ-ਭਰੇ ਲਾਅਨ ਅਤੇ ਕਰੀਨੇ ਨਾਲ ਕੀਤੀ ਸੱਜ-ਫੱਬ ਨਾਲੰਦਾ ਦੇ ਖੰਡਰਾਂ ਦੀ ਹੈ, ਓਨੀ ਤਾਂ ਸ਼ਾਇਦ ਕਿਸੇ ਬਾਗ਼-ਬਗ਼ੀਚੇ ਦੀ ਵੀ ਨਾ ਹੋਵੇ। ਫਿਰ ਸੈਲਾਨੀ ਭਲਾ ਕਿਉਂ ਨਾ ਮੰਤਰ-ਮੁਗਧ ਹੋਣ! ਆਪ-ਮੁਹਾਰੇ ਮੂੰਹ 'ਚੋਂ ਨਿਕਲਦੈ-'ਖੰਡਹਰ ਬਤਾ ਰਹੇ ਹੈਂ ਇਮਾਰਤ ਅਜ਼ੀਮ ਥੀਂ'!

ਪਟਨਾ ਤੋਂ ਨਾਲੰਦਾ ਸੜਕ ਰਸਤੇ 75 ਕਿ.ਮੀ. ਦੀ ਦੂਰੀ ਉੱਪਰ ਸਥਿੱਤ ਹੈ। ਪਟਨਾ ਦੇ ਦੱਖਣ-ਪੂਰਬੀ ਪਿੰਡ ਬੜਾ ਗਾਓਂ ਦੀ ਵੱਖੀ ਵਿਚ ਕਦੀ ਸੰਸਾਰ ਪ੍ਰਸਿੱਧ ਰਹੀ ਭਾਰਤੀ ਯੂਨੀਵਰਸਿਟੀ ਨਾਲੰਦਾ ਦੇ ਖੰਡਰ ਹਨ। ਭਾਰਤ ਦੇ 25 ਜੁਲਾਈ ਨੂੰ ਰਾਸ਼ਟਰਪਤੀ ਦੇ ਅਹੁਦੇ ਤੋਂ ਪੱਦ-ਮੁਕਤ ਹੋਏ ਪ੍ਰਣਾਬ ਮੁਖਰਜੀ ਆਪਣੇ ਪੰਜ ਸਾਲਾ ਰਾਸ਼ਟਰਪਤੀਕਾਲ ਦੌਰਾਨ ਆਪਣੇ ਭਾਸ਼ਣਾਂ ਵਿਚ ਦਰਜਨਾਂ ਵਾਰ ਨਾਲੰਦਾ ਅਤੇ ਤਕਸ਼ਿਲਾ ਵਿਸ਼ਵ ਵਿਦਿਆਲਿਆਂ ਦਾ ਜ਼ਿਕਰ ਕਰਦੇ ਰਹੇ ਹਨ। ਉਹ ਇਸ ਰਾਹੀਂ ਅਜੋਕੀ ਪੀੜ੍ਹੀ ਨੂੰ ਇਹ ਪ੍ਰੇਰਨਾ ਦੇਣਾ ਚਾਹੁੰਦੇ ਸਨ ਕਿ ਕਿਵੇਂ ਇਕ ਸਮੇਂ ਭਾਰਤ ਪੂਰੀ ਦੁਨੀਆ ਵਿਚ ਸਿੱਖਿਆ ਦੇ ਖੇਤਰ ਵਿਚ ਗਲੋਬਲ ਲੀਡਰ ਰਿਹਾ ਹੈ ਅਤੇ ਕਿੰਦਾਂ ਅਸੀਂ ਮਿਹਨਤ ਨਾਲ ਫਿਰ ਇਸ ਪੱਧਰ ਤੀਕ ਅੱਪੜ ਸਕਦੇ ਹਾਂ।

ਮੌਕੇ ਤੋਂ ਪ੍ਰਾਪਤ ਲਿਟਰੇਚਰ ਅਤੇ ਟੂਰਿਸਟ ਗਾਈਡ ਕੇਦਾਰ ਪ੍ਰਸਾਦ ਅਨੁਸਾਰ ਨਾਲੰਦਾ ਵਿਸ਼ਵ ਦਾ ਸਭ ਤੋਂ ਪਹਿਲਾਂ ਰਿਹਾਇਸ਼ੀ ਵਿਸ਼ਵ ਵਿਦਿਆਲਾ ਸੀ। ਇਸ ਵਿਚ 10,000 ਵਿਦਿਆਰਥੀ ਅਤੇ 2000 ਅਧਿਆਪਕ ਸਨ ਜੋ ਹੋਸਟਲਾਂ ਵਿਚ ਰਹਿੰਦੇ ਸਨ। ਵਿਦਿਆਰਥੀ ਪੂਰੀ ਦੁਨੀਆਂ 'ਚੋਂ ਆਉਂਦੇ ਸਨ। ਇਹ ਯੂਨੀਵਰਸਿਟੀ 10 ਕਿ.ਮੀ. ਲੰਮੇ ਅਤੇ 5 ਕਿ.ਮੀ.ਚੌੜੇ ਇਲਾਕੇ ਵਿਚ ਫੈਲੀ ਹੋਈ ਸੀ। ਹੁਣ ਤਾਂ ਸਿਰਫ਼ ਇਕ-ਡੇਢ ਕਿਲੋਮੀਟਰ ਦਾ ਇਲਾਕਾ ਹੀ ਬਚਿਆ ਹੈ। ਭਾਵੇਂ ਵਿਸ਼ਵ ਵਿਦਿਆਲਾ ਦਾ ਸਮਾਂ ਭਗਵਾਨ ਬੁੱਧ ਕਾਲ (6-5 ਸਦੀ ਈਸਾ ਪੂਰਵ) ਨਾਲ ਹੀ ਜੋੜਿਆ ਜਾਂਦੈ, ਪਰ ਪੁਰਾਤਤਵ ਵਿਭਾਗ ਦੀਆਂ ਤਾਜ਼ਾ ਖੁਦਾਈਆਂ ਤੋਂ ਇਸ ਦੀ ਸਥਾਪਤੀ ਦਾ ਸਮਾਂ ਪੰਜਵੀਂ ਸਦੀ ਵੀ ਕਿਹਾ ਜਾਂਦੈ। ਇਨ੍ਹਾਂ ਮੱਤਭੇਦਾਂ ਦੇ ਬਾਵਜੂਦ ਇਕ ਗੱਲ ਜੋ ਸਭ ਮੰਨਦੇ ਹਨ ਉਹ ਹੈ ਕਿ ਇਹ ਯੂਨੀਵਰਸਿਟੀ 5ਵੀਂ ਤੋਂ 12ਵੀਂ ਸਦੀ ਦੌਰਾਨ ਖੂਬ ਪ੍ਰਫੁਲਤ ਹੋਈ। ਇਸ ਨੂੰ ਕਨੌਜ ਦੇ ਮਹਾਰਾਜਾ ਹਰਸ਼ਵਰਧਨ ਅਤੇ ਪਾਲਾ ਮਹਾਰਾਜਿਆਂ ਦੀ ਸਰਪ੍ਰਸਤੀ ਪ੍ਰਾਪਤ ਸੀ। ਗਾਈਡ ਕੇਦਾਰ ਪ੍ਰਸਾਦ ਅਨੁਸਾਰ ਤਾਂ ਇਸ ਨੂੰ ਚਾਰੋਂ ਮਹੱਤਵਪੂਰਨ ਰਾਜਵੰਸ਼ੀ-ਕਾਲਾਂ-ਅਸ਼ੋਕਾ ਕਾਲ, ਗੁਪਤਾ ਕਾਲ, ਹਰਸ਼ਵਰਧਨ ਕਾਲ ਅਤੇ ਪਾਲਾ ਕਾਲ ਦੀ ਸਰਪ੍ਰਸਤੀ ਹਾਸਲ ਰਹੀ ਹੈ। ਇਹ ਬੋਧੀ ਸਿਧਾਂਤ/ਧਰਮ ਸ਼ਾਸਤਰ ਸਮੇਤ ਹੋਰ ਵਿਦਿਅਕ ਗਤੀਵਿਧੀਆਂ ਦਾ ਕੇਂਦਰ ਰਹੀ ਹੈ। ਇਹ ਇਕ ਤਰ੍ਹਾਂ ਦੀ 'ਮੌਨਾਸਟਿਕ ਯੂਨੀਵਰਸਿਟੀ'(ਬੁੱਧ ਵਿਹਾਰ/ਭਿਕਸ਼ੂ-ਸ਼ਾਲਾ) ਸੀ। ਇਸੇ ਕਰਕੇ ਇਥੇ ਅਜੇ ਵੀ ਮਹਾਤਮਾ ਬੁੱਧ ਦੀਆਂ ਅਨੇਕਾਂ ਮੂਰਤੀਆਂ, ਜਿਨ੍ਹਾਂ ਵਿੱਚੋਂ ਇਕ ਦਾ ਉਪਰਲਾ ਹਿੱਸਾ ਗਾਇਬ ਹੈ ਅਤੇ ਬੁੱਧ ਦੇ ਚੇਲੇ ਸਰੀਪੁੱਤਰਾ ਦਾ ਸਤੂਪ ਅਤੇ ਚੇਤਾਲਿਆ (ਚਿੰਤਨ-ਆਸ਼ਰਮ) ਦੇ ਕੇਂਦਰ ਦੇਖੇ ਜਾ ਸਕਦੇ ਹਨ। 14 ਹੈਕਟੇਆਰ ਵਿਚ 11 ਮੌਨਾਸਟਰੀਆਂ ਅਤੇ 6 ਮੰਦਰਾਂ ਦੇ ਖੰਡਰ ਹਨ। ਮੂਰਤੀਆਂ ਵਿਚ ਕੁਝ ਹਿੰਦੂ ਦੇਵਤਿਆਂ ਦੀਆਂ ਮੂਰਤੀਆਂ ਵੀ ਹਨ। ਮਹਾਤਮਾ ਬੁੱਧ ਇਸ ਥਾਂ ਕਈ ਵਾਰ ਆਪ ਆਏ ਦੱਸੇ ਜਾਂਦੇ ਹਨ। ਪੁਰਾਤਨ ਲਿਖਤਾਂ ਅਨੁਸਾਰ ਮਹਾਤਮਾ ਬੁੱਧ ਰਾਜਗਹਾ ਤੋਂ ਪਾਟਲੀਪੁਤਰ ਜਾਂਦੇ ਇਸ ਥਾਂ ਦਰੱਖ਼ਤਾਂ ਦੀ ਇਕ ਝਿੜੀ ਵਿਚ ਪੜਾਅ ਕਰਦੇ ਅਤੇ ਆਪਣੇ ਪੈਰੋਕਾਰਾਂ ਨੂੰ ਬੁੱਧ 'ਧੰਮਾਂ' ਦੀ ਸਿੱਖਿਆ ਦਿੰਦੇ। ਭਗਵਾਨ ਮਹਾਂਵੀਰ ਵੀ ਇਸ ਥਾਂ ਆਏ। ਹੋਰ ਵੀ ਕਈ ਮਹਾਂਪੁਰਖਾਂ ਨੇ ਨਾਲੰਦਾ ਨੂੰ ਆਪਣੇ ਚਰਨਾਂ ਨਾਲ ਪਵਿੱਤਰ ਕੀਤਾ।

ਸਰੀਪੁੱਤਰਾ ਦਾ ਤਾਂ ਇਹ ਜਨਮ ਅਤੇ ਨਿਰਵਾਨ ਸਥਾਨ ਹੈ। ਇਕ ਤਿਬਤੀ ਭਿਕਸ਼ੂ ਤਾਰਾਨਾਥ, ਜੋ 'ਹਿਸਟਰੀ ਆਫ ਬੁੱਧਇਜ਼ਮ ਇਨ ਇੰਡੀਆ' ਲਿਖਣ ਕਾਰਨ ਮਸ਼ਹੂਰ ਹੈ, ਨੇ ਲਿਖਿਆ ਹੈ ਕਿ ਸਮਰਾਟ ਅਸ਼ੋਕ ਨੇ ਸਰੀਪੁੱਤਰਾ ਦੇ ਨਾਲੰਦਾ ਵਿਚ 'ਚੇਤਿਆ' ਉਸਾਰਨ ਲਈ ਰਾਸ਼ੀ ਦਿੱਤੀ ਅਤੇ ਇਕ ਮੰਦਿਰ ਵੀ ਉਸਰਾਵਿਆ। ਉਸ

ਲੱਚਰ ਗਾਇਕੀ ਲਈ ਗਾਇਕਾਂ, ਗੀਤਕਾਰਾਂ ਤੋਂ ਜ਼ਿਆਦਾ ਸੁਣਨ ਜਾਂ ਵੇਖਣ ਵਾਲੇ ਕਸੂਰਵਾਰ ਹਨ ਕਿਉਂਕਿ ਗੀਤਕਾਰ ਆਪਣੇ ਗੀਤ ਲੋਕਾਂ ਲਈ ਲਿਖਦਾ ਹੈ, ਗਾਇਕ ਗਾਉਂਦਾ ਹੈ ਤਾਂ ਇਹ ਸੁਭਾਵਿਕ ਹੈ ਕਿ ਜਿੱਦਾਂ ਦੇ ਗੀਤ ਲੋਕ ਪਸੰਦ ਕਰਨਗੇ ਓਦਾਂ ਦੇ ਗੀਤ ਲਿਖੇ ਤੇ ਗਾਏ ਜਾਣਗੇ...

ਰਾਹ ਤੋਂ ਭਟਕੇ ਗੀਤਕਾਰ ਤੇ ਸਰੋਤੇ

ਪਰਵਿੰਦਰ ਸਿੰਘ

ਸੰਗੀਤ ਕਿਸੇ ਲਈ ਰੂਹ ਦੀ ਖ਼ੁਰਾਕ ਹੈ, ਕਿਸੇ ਲਈ ਮੰਨੋਰੰਜਨ, ਕਿਸੇ ਲਈ ਸਿੱਖਿਆ, ਕਿਸੇ ਲਈ ਆਦਰਸ਼, ਕਿਸੇ ਲਈ ਪੇਸ਼ਾ ਆਦਿ। ਸੰਗੀਤ ਓਨਾ ਹੀ ਪੁਰਾਣਾ ਹੈ ਜਿੰਨੀ ਪੁਰਾਣੀ ਇਹ ਦੁਨੀਆ ਹੈ। ਰਾਜੇ, ਮਹਾਰਾਜੇ, ਪੀਰਾਂ, ਫ਼ਕੀਰਾਂ ਦੀਆਂ ਕਹਾਣੀਆਂ ਅਤੇ ਲੇਖਾਂ ਵਿਚ ਅਕਸਰ ਸੰਗੀਤ ਦਾ ਜ਼ਿਕਰ ਹੁੰਦਾ ਹੈ। ਕਈ ਗ੍ਰੰਥਾਂ 'ਚ ਵੀ ਸੰਗੀਤ ਨਾਲ ਸਬੰਧਿਤ ਰਚਨਾਵਾਂ ਦਾ ਹੋਣਾ ਪਿਛਲੀ ਗੱਲ ਨੂੰ ਪੂਰੀ ਤਰ੍ਹਾਂ ਸਪਸ਼ਟ ਕਰਦਾ ਹੈ। ਭਰਤ ਮੁਨੀ ਜੀ ਦੁਆਰਾ ਲਿਖਿਆ ਗਿਆ 'ਨਾਟਿਆ ਸ਼ਾਸਤਰ' ਲਗਪਗ 2500 ਤੋਂ 3000 ਸਾਲ ਪੁਰਾਣਾ ਗ੍ਰੰਥ ਹੈ ਜਾਂ ਵੇਦ ਹੈ ਜਿਸ ਵਿਚ ਵੀ ਸੰਗੀਤ ਦੇ ਖੰਡ ਮੌਜੂਦ ਹਨ ਤਾਂ ਇਹ ਗੱਲ ਤਾਂ ਸਾਫ਼ ਹੈ ਕਿ ਸੰਗੀਤ 'ਨਾਟਯਸ਼ਾਸਤਰ' ਦੀ ਰਚਨਾ ਤੋਂ ਵੀ ਪੁਰਾਣਾ ਹੈ।

ਗੀਤਾਂ ਦੇ ਵਿਸ਼ੇ ਬਦਲ ਜਾਣੇ

ਪੰਜਾਬੀ ਸੰਗੀਤ ਵੀ ਦੁਨੀਆ ਦੀ ਸੰਗੀਤ ਕਲਾ ਵਿਚ ਇਕ ਵਿਲੱਖਣ ਮੁਕਾਮ ਰੱਖਦਾ ਹੈ। ਪੰਜਾਬੀਆਂ ਨੇ ਸੰਗੀਤ ਦੀ ਵਰਤੋਂ ਆਪਣੇ ਵਿਰਸੇ ਦੇ ਦਰਸ਼ਨ ਲਈ ਬਾਖ਼ੂਬੀ ਕੀਤੀ ਹੈ। ਪੰਜਾਬੀ ਸੰਗੀਤਕ ਦੁਨੀਆ ਵਿਚ ਗੀਤਾਂ ਦੇ ਨਾਲ-ਨਾਲ ਕਲੀਆਂ, ਵਾਰਾਂ, ਬੈਂਤ, ਬੋਲੀਆਂ, ਦੋਹੇ ਤੇ ਸਿੱਠਣੀਆਂ ਆਦਿ ਵਿਧਾਵਾਂ ਵੀ ਇਕ ਵਿਲਖਣ ਪਛਾਣ ਰੱਖਦੀਆਂ ਹਨ। ਪੰਜਾਬੀ ਸੰਗੀਤ ਦੇ ਵਿਸ਼ੇ ਪੁਰਾਣੇ ਸਮਿਆਂ ਵਿਚ ਵੀਰ ਰਸ ਭਰਪੂਰ, ਲੋਕ ਤੱਥਾਂ ਤੇ ਲੋਕ ਗਥਾਵਾਂ 'ਤੇ ਅਧਾਰਿਤ ਹੁੰਦੇ ਸਨ। ਸਮੇਂ ਦੀ ਲੋੜ ਅਨੁਸਾਰ ਇਸ ਵਿਚ ਤਬਦੀਲੀਆਂ ਆਉਂਦੀਆਂ ਗਈਆਂ ਅਤੇ ਇਹ ਗੱਲ ਕਹਿਣੀ ਵੀ ਗ਼ਲਤ ਨਹੀਂ ਹੋਵੇਗੀ ਕਿ ਸੰਗੀਤ ਦਾ ਪੱਧਰ ਵੀ ਦਿਨੋਂ-ਦਿਨ ਹੇਠਾਂ ਡਿੱਗਦਾ ਗਿਆ ਹੈ। ਚੰਗੇ ਵਿਸ਼ਿਆਂ ਦੀ ਥਾਂ ਅੱਜ-ਕੱਲ੍ਹ ਸ਼ਰਾਬ, ਕੁੜੀਆਂ ਅਤੇ ਹਥਿਆਰਾਂ ਨੇ ਲੈ ਲਈ ਹੈ। ਪੰਜਾਬੀ ਸੰਗੀਤ ਨੇ ਤਕਨੀਕ ਪੱਖੋਂ ਬਹੁਤ ਤਰੱਕੀ ਕੀਤੀ। ਰਿਕਾਰਡ ਹੁਣ ਪੈਨ ਡਰਾਈਵ ਵਿਚ ਬਦਲ ਗਏ ਹਨ ਪਰ ਅਫਸੋਸ ਇਸ ਗੱਲ ਦਾ ਹੈ ਕਿ ਅੱਜ ਦੇ ਗਾਣਿਆਂ ਨੂੰ ਸੁਣਨ ਲਈ ਪਰਿਵਾਰਾਂ ਦਾ ਇਕ ਥਾਂ ਜੁੜਕੇ ਬੈਠਣਾ ਦੁੱਭਰ ਹੋ ਗਿਆ ਹੈ। ਅੱਜ-ਕੱਲ੍ਹ ਤਾਂ ਗੀਤਾਂ ਦੀਆਂ ਵੀਡੀਓਜ਼ ਵੀ ਲੱਚਰਤਾ ਨਾਲ ਭਰੀਆਂ ਹੋਈਆਂ ਹਨ।

ਦਰਸ਼ਕ ਵੀ ਕਸੂਰਵਾਰ ਹਨ

ਅਸੀਂ ਇਹ ਆਖ ਸਕਦੇ ਹਾਂ ਕਿ ਹੁਣ ਗੀਤਾਂ ਦੇ ਵਿਸ਼ੇ ਸਿਰਫ਼ ਸ਼ਰਾਬ, ਕੁੜੀਆਂ ਅਤੇ ਹਥਿਆਰਾਂ 'ਤੇ ਆ ਕੇ ਮੁੱਕ ਗਏ ਹਨ। ਪੰਜਾਬੀ ਸੰਗੀਤ ਵਿਚ ਹੁਣ ਕੁੜੀਆਂ ਲਈ ਲੱਚਰ ਸ਼ਬਦ ਵਰਤਣੇ ਆਮ ਜਿਹੀ ਗੱਲ ਹੋ ਗਈ ਹੈ। ਦੂਜੇ ਪਾਸੇ ਜੱਟ ਦੇ ਹੱਥ ਵਿਚ ਇਨ੍ਹਾਂ ਨਵੇਂ ਪੰਜਾਬੀ ਗੀਤਕਾਰਾਂ ਅਤੇ ਗਾਇਕਾਂ ਨੇ ਸ਼ਰਾਬ ਅਤੇ ਹਥਿਆਰਾਂ ਫੜਾ ਦਿੱਤੇ ਹਨ। ਹੋਰ ਤਾਂ ਹੋਰ ਦਰਸ਼ਕਾਂ ਨੇ ਵੀ ਇਸ ਗੱਲ ਨੂੰ ਸਿਰ ਮੱਥੇ ਕਬੂਲਿਆ ਹੈ। ਦਰਸ਼ਕ ਤਾਂ ਆਪਾਂ ਸਭ ਹੀ ਆਂ ਤੂੰ, ਮੈਂ, ਉਹ ਆਦਿ ਭਟਕੇ ਹੋਏ ਸੰਗੀਤ ਨੂੰ ਰਾਹ ਵਿਖਾਉਣ ਸਾਡਾ ਹੀ ਕੰਮ ਹੈ। ਇਕ ਹਾਰਿਆ ਬੰਦਾ ਕੋਈ ਗੀਤ ਸੁਣ ਕੇ ਦੁਬਾਰਾ ਜਿੱਤਣਾ ਸਿੱਖ ਸਕਦੇ, ਗੁੱਸੇ ਹੋਇਆ ਖ਼ੁਸ਼ ਹੋ ਸਕਦੇ, ਬੱਚੇ ਯੋਧਿਆਂ ਦੀਆਂ ਗਥਾਵਾਂ ਸੁਣ ਕੇ ਉਨ੍ਹਾਂ ਵਰਗਾ ਬਣਨ ਦਾ ਪ੍ਰਣ ਕਰ ਸਕਦੇ ਹਨ, ਗੀਤ ਭਾਵਨਾਵਾਂ ਨੂੰ ਦਰਸਾਉਣ ਦੇ ਨਾਲ-ਨਾਲ ਚੰਗਾ ਸੁਨੇਹਾ ਦੇ ਸਕਦੇ ਹਨ, ਟੁੱਟਦੇ ਨੂੰ ਜੋੜ ਸਕਦੇ ਹਨ। ਜਦਕਿ ਅੱਜ ਕੱਲ੍ਹ ਦੇ ਗੀਤ ਨੌਜਵਾਨਾਂ ਪੀੜ੍ਹੀ ਨੂੰ ਮੰਜ਼ਿਲ ਤੋਂ ਭਟਕਾ ਰਹੇ ਹਨ। ਇਨ੍ਹਾਂ ਸਭ ਗੱਲਾਂ ਲਈ ਗਾਇਕਾਂ, ਗੀਤਕਾਰਾਂ ਤੋਂ ਜ਼ਿਆਦਾ ਸੁਣਨ ਜਾਂ ਵੇਖਣ ਵਾਲੇ ਕਸੂਰਵਾਰ ਹਨ ਕਿਉਂਕਿ ਗੀਤਕਾਰ ਆਪਣੇ ਗੀਤ ਲੋਕਾਂ ਲਈ ਲਿਖਦਾ ਹੈ, ਗਾਇਕ ਗਾਉਂਦਾ ਹੈ ਤਾਂ ਇਹ ਸੁਭਾਵਿਕ ਹੈ ਕਿ ਜਿੱਦਾਂ ਦੇ ਗੀਤ ਲੋਕ ਪਸੰਦ ਕਰਨਗੇ ਓਦਾਂ ਦੇ ਗੀਤ ਲਿਖੇ ਜਾਂ ਗਾਏ ਜਾਣਗੇ।

ਹਰ ਕੋਈ ਜ਼ਿੰਮੇਵਾਰੀ ਸਮਝੇ

ਜੇ ਅਸਲ ਵਿਚ ਹੀ ਮਾਂ ਬੋਲੀ ਦੀ ਸੇਵਾ ਕਰਨੀ ਹੈ ਤਾਂ ਗਾਇਕ, ਲੇਖਕਾਂ ਅਤੇ ਸ੍ਰੋਤਿਆਂ ਨੂੰ ਆਪਣੇ-ਆਪਣੇ ਪੱਧਰ 'ਤੇ ਕੰਮ ਕਰਨਾ ਪਏਗਾ ਤਾਂ ਜੋ ਮਾਂ ਬੋਲੀ ਦੀ ਫੁਲਵਾੜੀ ਦੋਬਾਰਾ ਮਹਿਕਣ ਲੱਗ ਜਾਵੇ। ਸਰੋਤੇ ਚੰਗਾ ਸੁਣਨ ਦੀ ਆਦਤ ਪਾਉਣ, ਗਾਇਕ ਚੰਗਾ ਗਾਉਣ ਦੀ ਤੇ ਗੀਤਕਾਰ ਚੰਗਾ ਲਿਖਣ ਦੀ ਤਾਂ ਕਿਤੇ ਜਾ ਕੇ ਖੁੰਝ ਚੁੱਕੀ ਵਿਰਾਸਤੀ ਪਛਾਣ ਨੂੰ ਦੁਬਾਰਾ ਜਿਊਂਦਾ ਕੀਤਾ ਜਾ ਸਕਦਾ ਹੈ। ਸਰਕਾਰ ਨੂੰ ਵੀ ਚੰਗਾ ਵਿਸ਼ਿਆਂ 'ਤੇ ਕੰਮ ਕਰਨ ਵਾਲੇ ਗਾਇਕਾਂ ਲੇਖਕਾਂ ਨੂੰ ਸਨਮਾਨਿਤ ਕਰਨਾ ਚਾਹੀਦਾ ਹੈ ਤਾਂ ਜੋ ਸਾਰੇ ਗੀਤਕਾਰਾਂ ਨੂੰ ਚੰਗੇ ਵਿਸ਼ਿਆਂ 'ਤੇ ਗੀਤ ਲਿਖਣ ਦਾ ਜ਼ਜ਼ਬਾ ਮਿਲੇ। •

98778-91199

ਸਾਫ਼-ਸੁਥਰੀ ਗਾਇਕੀ ਦੀ ਵਾਰਿਸ ਰਮਜ਼ਾਨਾ ਹੀਰ

ਹਨੀ ਸੋਢੀ

ਰਮਜ਼ਾਨਾ ਆਪਣੀ ਗਾਇਕੀ ਵਾਂਗ ਸੱਚਮੁੱਚ ਮਿਲਾਪੜੇ ਜਿਹੇ ਸੁਭਾਅ ਵਾਲੀ ਗਾਇਕਾ ਹੈ। ਅੱਜ ਸੁਰ ਤੇ ਗਾਇਕੀ ਦਾ ਇਲਮ ਨਾ ਹੋਣ ਕਰਕੇ ਬਹੁਤੇ ਗਾਇਕ ਪਤਾ ਨਹੀਂ ਕੀ-ਕੀ ਊਟ-ਪਟਾਂਗ ਗਾਈ ਜਾ ਰਹੇ ਹਨ, ਪਰ ਕੁਝ ਗਾਇਕ ਅਜਿਹੇ ਵੀ ਹਨ, ਜਿਨ੍ਹਾਂ ਦੀ ਗਾਇਕੀ ਵਿਚ ਲਿਆਕਤ, ਸੁਰ ਤੇ ਮਿਠਾਸ ਹੋਣ ਕਰਕੇ ਗਾਇਕੀ ਦਾ ਸੂਰਜ ਹਮੇਸ਼ਾਂ ਚੜ੍ਹਿਆ ਰਹਿੰਦਾ ਹੈ। ਸੋ ਇਸੇ ਤਰ੍ਹਾਂ ਦੀ ਗਾਇਕਾ ਹੈ ਰਮਜ਼ਾਨਾ ਹੀਰ।

ਰਮਜ਼ਾਨਾ ਦਾ ਜਨਮ ਪਿਤਾ ਤਰਸੇਮ ਚੰਦ ਤੇ ਮਾਤਾ ਸੁਖਵਿੰਦਰ ਕੌਰ ਦੇ ਘਰ ਪਿੰਡ ਚੇਤਾ (ਸ਼ਹੀਦ ਭਗਤ ਸਿੰਘ ਨਗਰ) ਵਿਖੇ ਹੋਇਆ ਤੇ ਉਥੇ ਹੀ ਮਾਪਿਆਂ ਦੀ ਗੋਦ ਦਾ ਨਿੱਘ ਮਾਣਦੀ ਜਵਾਨ ਹੋਈ। ਘਰਦਿਆਂ ਤਾਂ ਉਸ ਦਾ ਨਾਂ ਰੇਨੂੰ ਬਾਲਾ ਰੱਖਿਆ ਸੀ ਪਰ ਸੰਗੀਤ ਦੇ ਖੇਤਰ ਵਿਚ 'ਰਮਜ਼ਾਨਾ ਹੀਰ' ਵਜੋਂ ਉਸ ਦੀ ਪਛਾਣ ਬਣੀ। ਗਾਇਕੀ ਦੇ ਸ਼ੌਕ ਸਬੰਧੀ ਗੱਲ ਕਰਦਿਆਂ ਉਸ ਨੇ ਦੱਸਿਆ ਕਿ ਗਾਉਣ ਦਾ ਸ਼ੌਕ ਮੈਨੂੰ ਬਚਪਨ ਤੋਂ ਹੀ ਸੀ। ਇਕ ਵਾਰ ਨਾਲ ਦੇ ਪਿੰਡ ਪ੍ਰੋਗਰਾਮ ਦੌਰਾਨ ਲਖਵਿੰਦਰ ਵਡਾਲੀ ਦੀ ਗਾਇਕੀ ਤੋਂ ਉਹ ਇੰਨਾ ਕੁ ਪ੍ਰਭਾਵਿਤ ਹੋਈ ਕਿ ਘਰ ਆਉਂਦਿਆਂ ਕਹਿਣ ਲੱਗੀ, 'ਜੋ ਮਰਜ਼ੀ ਹੋਵੇ, ਮੈਂ ਤਾਂ ਗਾਇਕਾ ਹੀ ਬਣਨੈਂ।' ਸੋ ਘਰਦਿਆਂ ਦੀ ਰਜ਼ਾਮੰਦੀ ਨਾਲ ਗਰਚਾ ਮਿਊਜ਼ਿਕ ਇੰਸਟੀਚਿਊਟ, ਬੰਗਾ 'ਚ ਪ੍ਰੋ. ਜੇ ਐੱਸ ਗਰਚਾ ਤੋਂ ਗਾਇਕੀ ਦੀ ਤਾਲੀਮ ਲੈਣੀ ਸ਼ੁਰੂ ਕੀਤੀ ਅਤੇ ਸੰਗੀਤ ਦੀਆਂ ਸੂਖਮ ਕਲਾਵਾਂ, ਸੁਰਾਂ ਤੇ ਸਾਧਨਾਂ ਨੂੰ ਦਿਲ ਦੇ ਕਰੀਬ ਤੋਂ ਵਾਚਿਆ। ਇਸ ਮਗਰੋਂ ਪ੍ਰੋ. ਜੇ ਐੱਸ ਗਰਚਾ ਨੇ ਉਸ ਨੂੰ ਰੇਨੂੰ ਬਾਲਾ ਤੋਂ 'ਰਮਜ਼ਾਨਾ ਹੀਰ' ਦਾ ਨਾਂ ਦਿੱਤਾ। ਇਸ ਪਿੱਛੇ ਉਸ ਦੀ ਵਰ੍ਹਿਆਂ ਦੀ ਮਿਹਨਤ ਵੀ ਚੱਟਾਨ ਵਾਂਗ ਖੜ੍ਹੀ ਏ।

ਜੇ ਰਮਜ਼ਾਨਾ ਦੇ ਗੀਤਾਂ ਦੀ ਗੱਲ ਕਰੀਏ ਤਾਂ 'ਮੇਲਾ ਗ਼ਦਰੀ ਬਾਬਿਆਂ ਦਾ' ਜਲੰਧਰ ਵਿਚ ਪਹਿਲੀ ਵਾਰ ਉਸ ਨੇ ਗਾਇਕੀ ਦੇ ਮੁਕਾਬਲਿਆਂ ਵਿਚ ਹਿੱਸਾ ਲਿਆ, ਉਦੋਂ 47 ਕਾਲਜਾਂ ਵਿੱਚੋਂ ਉਸ ਨੂੰ ਗਾਇਕੀ ਵਿਚ ਪਹਿਲੇ ਨੰਬਰ ਦਾ ਖ਼ਿਤਾਬ ਮਿਲਿਆ। ਇਸ ਮਗਰੋਂ ਸਿੰਗਲ ਟਰੈਕ 'ਮੇਰਾ ਦਿਲਦਾਰ', 'ਕਾਲਾ ਟਿੱਕਾ', 'ਝਾਂਜਰਾਂ' ਤੇ 'ਬਾਬਲ ਦੀਆਂ ਕੂੰਜਾਂ' ਗੀਤਾਂ ਨੂੰ ਵੀ ਸਰੋਤਿਆਂ ਖ਼ੂਬ ਸਲਾਹਿਆ। ਉਸ ਨੇ ਹੋਰ ਦੱਸਿਆ ਕਿ 'ਬਾਬਲ ਦੀਆਂ ਕੂੰਜਾਂ' ਗੀਤ ਨੂੰ ਗਾਉਂਦੀ-ਗਾਉਂਦੀ ਉਹ ਖ਼ੁਦ ਵੀ ਭਾਵੁਕ ਹੋ ਜਾਂਦੀ ਤੇ ਸੋਚਦੀ ਕਿ ਕੁੜੀਆਂ ਦਾ ਤਾਂ ਆਪਣਾ ਕੋਈ ਘਰ ਨਹੀਂ ਹੁੰਦਾ।

ਅਜੋਕੀ ਲੱਚਰ ਗਾਇਕੀ ਬਾਰੇ ਗੱਲ ਕਰਦਿਆਂ ਉਸ ਨੇ ਦੱਸਿਆ ਕਿ ਉਹ ਰੌਲਾ ਪਾਉਣ ਵਾਲੀ ਗਾਇਕੀ ਤੋਂ ਕੋਹਾਂ ਦੂਰ ਹੈ। ਸੋ ਕੁਝ ਅਜਿਹਾ ਲਿਖੋ, ਅਜਿਹਾ ਗਾਓ, ਜਿਸ ਨਾਲ ਸਮਾਜ ਨੂੰ ਕੋਈ ਸੇਧ ਮਿਲੇ, ਰੂਹ ਨੂੰ ਜਿਹੜਾ ਸਕੂਨ ਦੇਵੇ ਤੇ ਪੰਜਾਬੀ ਗੱਭਰੂ-ਮੁਟਿਆਰਾਂ ਨੂੰ ਕੁਝ ਬਣਨ ਦਾ ਜੋ ਜਨੂੰਨ ਦੇਵੇ। ਸਵ. ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਨਰਿੰਦਰ ਬੀਬਾ ਵਾਂਗ ਗਾ ਕੇ ਲੀਹੋਂ ਉਤਰ ਚੁੱਕੀ ਗਾਇਕੀ ਨੂੰ ਉਹ ਮੁੜ ਪ੍ਰਫੁੱਲਤ ਕਰਨਾ ਚਾਹੁੰਦੀ ਹੈ। ਉਸ ਦੀ ਸੋਚ ਹੈ ਕਿ ਗਾਣੇ ਦਾ ਘੱਟ-ਵੱਧ ਚੱਲਣਾ ਤਾਂ ਆਮ ਗੱਲ ਹੈ, ਪਰ ਗੀਤ ਦੇ ਵਿਸ਼ੇ ਨਾਲ ਇਨਸਾਫ ਹੋਣਾ ਜ਼ਰੂਰੀ ਹੈ।

ਜਲਦੀ ਹੀ ਉਹ ਗੁੱਗੂ ਰਿਕਾਰਡਸ ਦੇ ਬੈਨਰ ਹੇਠ ਗੀਤਕਾਰ ਸਰਜੀਵਨ ਦੀ ਕਲਮ ਤੋਂ ਲਿਖੇ ਗੀਤ 'ਸ਼ੀਸ਼ੇ ਮੂਹਰੇ' ਨਾਲ ਸਰੋਤਿਆਂ ਦੇ ਰੂਬਰੂ ਹੋ ਰਹੀ ਹੈ। ਉਸ ਦਾ ਇਹ ਗੀਤ ਵਿਆਹੁਤਾ ਜ਼ਿੰਦਗੀ ਦੀ ਪਿਆਰ ਭਰੀ ਨੋਕ-ਝੋਕ ਨੂੰ ਦਰਸਾਉਂਦਾ ਰਿਲੀਜ਼ ਹੋ ਰਿਹਾ। ਆਸ ਕਰਦੇ ਕਿ ਸਰੋਤੇ ਉਸ ਦੇ ਪਹਿਲੇ ਗੀਤਾਂ ਵਾਂਗ ਇਸ ਗੀਤ ਨੂੰ ਵੀ ਅਥਾਹ ਪਿਆਰ ਦੇਣਗੇ। ਸੰਗੀਤਕ ਸਫ਼ਰ ਦੌਰਾਨ ਉਹ ਗਗਨਦੀਪ ਗਰਚਾ ਦਾ ਅਹਿਮ ਸਹਿਯੋਗ ਮੰਨਦੀ, ਜਿਨ੍ਹਾਂ ਦੀ ਬਦੌਲਤ ਉਹ ਗਾਇਕੀ ਦੇ ਇਸ ਮੁਕਾਮ ਤਕ ਪਹੁੰਚੀ। ਦਿਨੋਂ ਦਿਨ ਸਥਾਪਤੀ ਵੱਲ ਵਧ ਰਹੀ 'ਰਮਜ਼ਾਨਾ ਹੀਰ' ਆਉਣ ਵਾਲੇ ਦਿਨਾਂ ਵਿਚ ਨਿਵੇਕਲੇ ਮੀਲ ਪੱਥਰ ਸਥਾਪਿਤ ਕਰੇਗੀ, ਅਸੀਂ ਉਸ ਦੇ ਭਵਿੱਖ ਦੀ ਹਰ ਪਲ ਦੁਆ ਕਰਦੇ ਹਾਂ। •

98156-19248

ਗਾਇਕੀ 'ਚ ਵੱਖਰੀ ਪਛਾਣ ਬਣਾ ਰਹੀ ਅੰਮ੍ਰਿਤਾ ਦਿਲ

ਗੁਰਬਾਜ਼ ਗਿੱਲ

ਅਜੋਕੀ ਪੰਜਾਬੀ ਗਾਇਕੀ ਵਿਚ ਨਿੱਤ ਨਵੇਂ ਅਣਸਿੱਖੇ ਗਾਇਕ/ਗਾਇਕਾਵਾਂ ਦੀ ਭਰਮਾਰ ਦਿਨ-ਬ-ਦਿਨ ਵੱਧ ਰਹੀ ਹੈ। ਇਨ੍ਹਾਂ ਵਿੱਚੋਂ ਕੁਝ ਕੁ ਤਾਂ 'ਦੁਪਹਿਰ ਖਿੜੀ' ਦੇ ਫੁੱਲਾਂ ਵਾਂਗ ਕੁਝ ਦੇਰ ਪਿੱਛੋਂ ਹੀ ਕੁਮਲਾਅ/ ਮੁਰਝਾਅ ਜਾਂਦੇ ਹਨ ਤੇ ਕੁਝ ਕੁ ਸਖ਼ਤ ਮਿਹਨਤ, ਦ੍ਰਿੜ ਇਰਾਦੇ ਤੇ ਆਪਣੀ ਦਮਦਾਰ ਕਲਾ ਦੀ ਮਹਿਕ ਨੂੰ ਹਮੇਸ਼ਾ ਬਰਕਰਾਰ ਰੱਖਣ ਲਈ ਦਿਨ-ਰਾਤ ਇਕ ਕਰ ਦਿੰਦੇ ਹਨ। ਅਜਿਹੇ ਕਲਾਕਾਰਾਂ ਵਿੱਚੋਂ ਹੀ ਇਕ ਬੁਲੰਦ ਆਵਾਜ਼ ਦੀ ਮਾਲਕ ਹੈ ਗਾਇਕਾ ਅੰਮ੍ਰਿਤਾ ਦਿਲ।

ਅੰਮ੍ਰਿਤਾ ਸੰਗੀਤਕ ਖੇਤਰ ਵਿਚ ਆਪਣੀ ਵੱਖਰੀ ਪਛਾਣ ਬਣਾਉਣ ਲਈ ਤੇ ਗਾਇਕੀ ਖੇਤਰ ਵਿਚ ਪੱਕੇ ਪੈਰੀ ਆਉਣ ਲਈ ਪਰ ਤੋਲ ਰਹੀ ਹੈ। ਪਿਛਲੇ 4-5 ਸਾਲਾਂ ਤੋਂ ਉਹ ਲਗਾਤਾਰ ਧਾਰਮਿਕ ਪ੍ਰੋਗਰਾਮ ਕਰ ਰਹੀ ਹੈ। ਮਾਤਾ ਗਿਆਨ ਕੌਰ ਅਤੇ ਪਿਤਾ ਰਣਜੀਤ ਸਿੰਘ ਦੇ ਘਰ ਜ਼ਿਲ੍ਹਾ ਬਠਿੰਡਾ ਦੇ ਪਿੰਡ ਕੋਟ ਗੁਰੂਕੇ (ਸੰਗਤ ਮੰਡੀ) ਵਿਖੇ ਜਨਮੀਂ ਅੰਮ੍ਰਿਤਾ ਨੂੰ ਗਾਇਕੀ ਦਾ ਸ਼ੌਕ ਆਪਣੀ ਵੱਡੀ ਭੈਣ ਗਾਇਕਾ ਸੁਖਰੀਤ ਨੂੰ ਗਾਉਂਦੇ ਵੇਖ ਕੇ ਪਿਆ। ਪਿੰਡ ਦੇ ਸਕੂਲ ਦੀਆਂ ਬਾਲ-ਸਭਾਵਾਂ ਤੋਂ ਸੰਗੀਤਕ ਗਤੀਵਿਧੀਆ ਵਿਚ ਭਾਗ ਲੈਂਦੀ-ਲੈਂਦੀ ਅੰਮ੍ਰਿਤਾ ਦਿਲ ਨੇ ਹੋਰਨਾਂ ਗਾਇਕਾ-ਗਾਇਕਾਵਾਂ ਦੇ ਗੀਤ ਸੁਣ-ਸੁਣ ਕੇ ਗਾਉਣਾ ਸਿੱਖਿਆ। ਇਸ ਸਫ਼ਰ ਵਿਚ ਉਸ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਵੀ ਕਰਨਾ ਪਿਆ ਪਰ ਉਸ ਨੇ ਕਦੇ ਪਿਛਾਂਹ ਮੁੜ ਕੇ ਨਹੀਂ ਵੇਖਿਆ। ਉਸ ਦੀ ਇਸ ਕਾਮਯਾਬੀ ਵਿਚ ਉਸ ਦੇ ਜੀਵਨ ਸਾਥੀ ਉਸਤਾਦ ਗਾਇਕ ਜਤਿੰਦਰ ਜਿੰਮੀ ਤੇ ਵੱਡੀ ਭੈਣ ਗਾਇਕਾ ਸੁਖਰੀਤ ਦਾ ਵੱਡਾ ਸਹਿਯੋਗ ਰਿਹਾ ਹੈ।

ਅੰਮ੍ਰਿਤਾ ਨੇ ਆਪਣੇ ਗਾਇਕੀ ਸਫ਼ਰ ਦੀ ਸ਼ੁਰੂਆਤ ਇਕ ਧਾਰਮਿਕ ਗੀਤ 'ਸ਼ਿਵ ਦੇ ਡਮਰੂ ਤੇਂ' ਨਾਲ ਕੀਤੀ। ਕੁਝ ਸਮਾਂ ਪਹਿਲਾਂ ਉਸ ਦਾ ਆਪਣੇ ਜੀਵਨ ਸਾਥੀ ਜਤਿਦਰ ਜਿੰਮੀ ਨਾਲ ਇਕ ਡਿਊਟ ਟਰੈਕ 'ਮਿੱਤਰਾਂ ਦੀ ਜਾਨ' ਰਿਲੀਜ਼ ਹੋਇਆ। ਇਸ ਦੋਗਾਣੇ ਗੀਤ ਨਾਲ ਉਸ ਦੀ ਪਛਾਣ ਗਾਇਕੀ ਖੇਤਰ ਵਿਚ ਹੋਰ ਗੂੜ੍ਹੀ ਹੋ ਗਈ।

ਗੁਰਸਾਂਝ ਫ਼ਤਹਿ, ਦਲਜੀਤ ਸੰਧੂ ਜਗੇ ਵਾਲਾ, ਸੁਰਿੰਦਰ ਸਫ਼ਰੀ ਅਤੇ ਡਾ. ਅਕਬਰ ਖ਼ਾਨ ਵਰਗੇ ਗੀਤਕਾਰਾਂ ਦੇ ਗੀਤਾਂ ਨੂੰ ਆਪਣੀ ਆਵਾਜ਼ ਦੇਣ ਵਾਲੀ ਅੰਮ੍ਰਿਤਾ ਹੁਣ ਆਪਣਾ ਇਕ ਹੋਰ ਨਵਾਂ ਦੋਗਾਣਾ ਗੀਤ 'ਨਖ਼ਰੇ' ਲੈ ਕੇ ਸਰੋਤਿਆ ਦੀ ਕਚਹਿਰੀ ਵਿਚ ਹਾਜ਼ਰ ਹੋਈ ਹੈ।

ਇਸ ਗੀਤ ਵਿਚ ਜਤਿੰਦਰ ਜਿੰਮੀ ਨੇ ਬਾਖ਼ੂਬੀ ਉਸ ਦਾ ਸਾਥ ਦਿੱਤਾ ਹੈ। ਅੰਮ੍ਰਿਤਾ ਦਿਲ ਆਖਦੀ ਹੈ 'ਕਿ ਉਹ ਹਮੇਸ਼ਾ ਪੰਜਾਬੀ ਸੱਭਿਆਚਾਰ ਦੇ ਦਾਇਰੇ ਵਿਚ ਰਹਿ ਕੇ ਹੀ ਗੀਤ ਗਾਵੇਗੀ।' ਮੇਰੀ ਵੀ ਇਹੋ ਦੁਆ ਹੈ ਕਿ ਉਹ ਹੋਰ ਤਰੱਕੀਆਂ ਕਰੇ। •

98723-62507

ਪੰਜਾਬੀ ਗਾਇਕੀ 'ਚ ਸੁਰੀਲੀ ਸੁਰ ਪ੍ਰੀਤ ਨੂਰ

ਮਨਦੀਪ ਸਰੋਏ

ਪੰਜਾਬੀ ਗੀਤ ਸੰਗੀਤ ਅਤੇ ਲੋਕ ਗਾਇਕੀ ਦੇ ਖੇਤਰ ਵਿਚ ਪੰਜਾਬੀ ਗਾਇਕਾ ਪ੍ਰੀਤ ਨੂਰ ਉਸ ਗਾਇਕਾ ਦਾ ਨਾਂ ਹੈ ਜੋ ਪ੍ਰਸਿੱਧ ਦੋਗਾਣਾ ਜੋੜੀ ਸਵਰਗੀ ਅਮਰ ਸਿੰਘ ਚਮਕੀਲਾ ਅਤੇ ਬੀਬਾ ਅਮਰਜੋਤ ਦੇ ਪਰਿਵਾਰ ਵਿਚੋਂ ਹੈ। ਗਾਇਕਾ ਪ੍ਰੀਤ ਨੂਰ ਨੇ ਪਿਛਲੇ 13 ਕੁ ਸਾਲਾਂ ਤੋਂ ਪੰਜਾਬੀ ਗਾਇਕੀ ਖੇਤਰ ਵਿਚ ਪ੍ਰਵੇਸ਼ ਕੀਤਾ ਅਤੇ ਦਿਨ-ਬ-ਦਿਨ ਉਸ ਦੀ ਸੱਭਿਆਚਾਰਕ, ਮਿਆਰੀ, ਪਰਿਵਾਰਕ ਅਤੇ ਧਾਰਮਿਕ ਗਾਇਕੀ ਦੇ ਬਲਬੂਤੇ ਤੇ ਲੋਕਪ੍ਰਿਯਤਾ ਵੱਧਦੀ ਗਈ। ਸੰਸਾਰ ਪ੍ਰਸਿੱਧ ਗਾਇਕ ਦੀਦਾਰ ਸੰਧੂ ਦੇ ਹਾਰਮੋਨੀਅਮ ਵਾਦਕ ਸੁਖਦੇਵ ਸੁੱਖਾ ਦੀ ਸ਼ਾਗਿਰਦ ਪ੍ਰੀਤ ਨੂਰ ਦਾ ਜਨਮ ਪਿਤਾ ਜਸਮੇਲ ਸਿੰਘ ਅਤੇ ਮਾਤਾ ਦਰਬਾਰ

ਸੂਰਜ ਦੇ ਵਿਹੜੇ ਦੇ ਆਖ਼ਰੀ ਸਿਰੇ ਦੀ ਛਾਣ-ਬੀਣ



ਸਾਡੇ ਸੂਰਜ ਪਰਿਵਾਰ ਦੇ ਸਾਂਝੇ ਵਿਹੜੇ ਵਿੱਚ ਧਰਤੀ ਦੇ ਵੱਡੇ ਨਿੱਕੇ ਭਾਈਬੰਦਾਂ ਵਿੱਚ ਬ੍ਰਹਿਸਪਤੀ, ਸ਼ਨੀ, ਯੂਰੇਨਸ, ਨੈਪਚੂਨ ਤੇ ਪਲੂਟੋ ਦੂਰ ਤਕ ਆਪਣੇ ਪਰਿਵਾਰਾਂ ਸਮੇਤ ਸਜੇ ਹੋਏ ਹਨ। ਉਹ ਆਪ ਹਨ, ਉਨ੍ਹਾਂ ਦੇ ਉਪਗ੍ਰਹਿ ਯਾਨੀ ਚੰਨ ਹਨ। ਸਭ ਤੋਂ ਦੁਰੇਡਾ ਪਰਿਵਾਰ ਪਲੂਟੋ ਦਾ ਹੈ ਜੋ ਸੂਰਜ ਪਰਿਵਾਰ ਦਾ ਸਾਡਾ ਨੌਵਾਂ ਸਾਥੀ ਸੀ। ਸਭ ਤੋਂ ਦੁਰੇਡਾ ਗ੍ਰਹਿ। ਦੋ ਸਾਲ ਪਹਿਲਾਂ ਯਾਨੀ ਇਸ ਦੇ ਲੱਭਣ ਤੋਂ ਪਚਾਸੀ ਸਾਲ ਪਿੱਛੋਂ ਇਸ ਉੱਤੇ ਧਰਤੀ ਵਾਲਿਆਂ ਨੇ ਨੇੜਿਓਂ ਝਾਤੀ ਮਾਰੀ। ਅੱਠ ਨੌਂ ਸਾਲ ਪਹਿਲਾਂ ਇਸ ਵਿਚਾਰੇ ਨੂੰ ਬੌਣਾ ਕਹਿ ਕੇ ਇਸ ਪਰਿਵਾਰ ਵਿੱਚੋਂ ਜਿਵੇਂ ਛੇਕ ਹੀ ਦਿੱਤਾ ਗਿਆ। ਪਲੈਨੈੱਟ ਦੀ ਥਾਂ ਇਸ ਨੂੰ ਡਵਾਰਫ ਪਲੈਨੈੱਟ ਦਾ ਨਾਂ ਦਿੱਤਾ ਗਿਆ। 14 ਜੁਲਾਈ 2015 ਨੂੰ ਨਿਊ ਹੋਰਾਈਜ਼ਨਜ਼ ਨਾਂ ਦਾ ਪੁਲਾੜੀ ਜਹਾਜ਼ ਤੇਜ਼ੀ ਨਾਲ ਇਸ ਦੇ ਨੇੜਿਓਂ ਲੰਘਿਆ। ਇਹ ਦੂਰ ਤੋਂ ਇਸ ਦੀਆਂ ਤਸਵੀਰਾਂ ਪਹਿਲਾਂ ਹੀ ਲੈ ਰਿਹਾ ਸੀ। ਤਿੰਨ ਮਿੰਟ ਵਿੱਚ ਇਸ ਨੇ ਖਾਸੀ ਨੇੜਿਓਂ ਇਸ ਦੀਆਂ ਤਸਵੀਰਾਂ ਲਈਆਂ। ਇਹ ਸੋਲਾਂ ਮਹੀਨੇ ਪਲੂਟੋ ਬਾਰੇ ਭਾਂਤ ਭਾਂਤ ਦੀ ਜਾਣਕਾਰੀ ਸਾਨੂੰ ਭੇਜਦਾ ਰਿਹਾ। ਵਿਹੜੇ ਦੇ ਬਾਹਰ ਕਿਊਪਰ ਪੱਟੀ ਵਿੱਚ ਅਣਗਿਣਤ ਨਿੱਕੇ ਵੱਡੇ ਬਰਫ਼ਾਨੀ ਬੌਣੇ ਤੇ ਪੁਲਾੜੀ ਪਿੰਡ ਪਸਰੇ ਹੋਏ ਹਨ। ਪੁਲਾੜੀ ਜਹਾਜ਼ ਉਨ੍ਹਾਂ ਦੀ ਖੋਜ ਖ਼ਬਰ ਲੈਣ ਲੱਗਿਆ। ਇਸ ਨੂੰ ਇਨ੍ਹਾਂ ਵਿੱਚੋਂ ਕੁਝ ਕੁ ਉੱਤੇ ਵਿਸ਼ੇਸ਼ ਨਜ਼ਰਸਾਨੀ ਦੀਆਂ ਹਦਾਇਤਾਂ ਸਨ। ਇਨ੍ਹਾਂ ਦੀ ਪਾਲਣਾ ਲਈ ਫਰਵਰੀ 2017 ਵਿੱਚ ਇਸ ਦੇ ਰਾਹ ਵਿੱਚ ਸੋਧ ਕੀਤੀ ਗਈ। ਹੁਣ ਇਹ 2020 ਤਕ ਵਿਹੜੇ ਦੇ ਪਾਰ ਕਿਊਪਰ ਬਸਤੀ ਦੀ ਖ਼ਬਰਸਾਰ ਲਵੇਗਾ ਤੇ ਫਿਰ ਇਸ ਤੋਂ ਪਾਰ ਅਸੀਮ ਪੁਲਾੜ ਵਿੱਚ ਜਿੱਥੋਂ ਤਕ ਜਿਉਂਦਾ ਰਿਹਾ ਤੁਰਿਆ ਜਾਵੇਗਾ।

ਨਿਊ ਹੋਰਾਈਜ਼ਨਜ਼ 2006 ਵਿੱਚ ਲਾਂਚ ਕੀਤਾ ਗਿਆ। ਇਸ ਨੇ ਨੌਂ ਸਾਲ ਦੀ ਲੰਮੀ ਯਾਤਰਾ ਪਲੂਟੋ ਨੇੜਿਓਂ 58,000 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਉੱਤੇ ਸ਼ੂੰ ਕਰਕੇ ਲੰਘਣ ਲਈ ਕੀਤੀ। ਚਾਰ ਅਰਬ ਅੱਸੀ ਕਰੋੜ ਕਿਲੋਮੀਟਰ ਦੂਰ ਦੇ ਧਰਤੀ ਦੇ ਭਰਾ ਨੂੰ ਮਿਲਣਾ ਸੌਖਾ ਨਹੀਂ ਸੀ। ਪਲੂਟੋ ਦੇ ਨਾਲ ਨਾਲ ਇਸ ਦੇ ਚੰਦ ਚੈਰੋਨ ਦੀਆਂ ਤਸਵੀਰਾਂ ਵੀ ਇਸ ਨੇ ਲਈਆਂ। ਇਸ ਤੋਂ ਪਾਰ ਇਹ ਹੁਣ ਡੇਢ ਅਰਬ ਕਿਲੋਮੀਟਰ ਤੋਂ ਵੀ ਵਿਸ਼ਾਲ ਕਿਊਪਰ ਬਸਤੀ ਦੀ ਛਾਣ-ਬੀਣ ਕਰ ਰਿਹਾ ਹੈ। ਪੰਜ ਕੁ ਸਾਲ ਬਾਅਦ ਇਹ ਬਸਤੀ ਛੱਡ ਕੇ ਅਨੰਤ ਪੁਲਾੜ ਗਾਹ ਰਹੇ ਨਾਸਾ ਦੇ ਚਾਰ ਮਹਾਂ ਪੁਲਾੜੀ ਜਹਾਜ਼ਾਂ ਵਿੱਚ ਰਲ ਜਾਵੇਗਾ। ਇਹ ਪਾਇਨੀਅਰ-10, ਪਾਇਨੀਅਰ-11, ਵਾਇਜਰ-1 ਅਤੇ ਵਾਇਜਰ-2 ਹੜ। ਨਿਊ ਹੋਰਾਈਜ਼ਨਜ਼ ਤੋਂ ਸਿਗਨਲ ਸਾਡੇ ਤਕ ਪਹੁੰਚਣ ਵਿੱਚ ਸਾਢੇ ਚਾਰ ਘੰਟੇ ਤੋਂ ਵੱਧ ਲੱਗ ਜਾਂਦੇ ਹਨ। ਪਹੁੰਚਿਆ ਸਿਗਨਲ ਇੰਨਾ ਕਮਜ਼ੋਰ ਹੁੰਦਾ ਹੈ ਕਿ ਨਾਸਾ ਨੂੰ ਆਸਟਰੇਲੀਆ, ਕੈਨੇਡਾ ਤੇ ਸਪੇਨ ਵਿੱਚ ਸਥਾਪਤ 61 ਮੀਟਰ ਚੌੜੀਆਂ ਰੇਡੀਓ ਡਿਸ਼ਾਂ ਵਰਤਣੀਆਂ ਪੈਂਦੀਆਂ ਹਨ। ਇਸ ਤੋਂ ਮਿਲੀ ਜਾਣਕਾਰੀ ਨੇ ਦੱਸਿਆ ਹੈ ਕਿ ਪਲੂਟੋ ਦਾ ਵਿਆਸ 2302 ਕਿਲੋਮੀਟਰ ਨਹੀਂ 2370 ਕਿਲੋਮੀਟਰ ਹੈ। ਇਸ ਨਾਲ ਇਹ ਐਰਿਸ ਤੋਂ ਵੱਡਾ ਸਿੱਧ ਹੋਇਆ। ਪਹਿਲੀ ਜਾਣਕਾਰੀ ਮੁਤਾਬਿਕ ਐਰਿਸ ਇਸ ਤੋਂ ਵੱਡਾ ਸੀ ਅਤੇ ਉਸੇ ਕਰਕੇ ਇਸ ਤੋਂ ਗ੍ਰਹਿ ਦਾ ਦਰਜਾ ਖੋਹ ਕੇ ਇਸ ਨੂੰ ਬੌਣੇ ਗ੍ਰਹਿ ਦਾ ਨਾਂ ਦਿੱਤਾ ਗਿਆ ਸੀ। ਪ੍ਰਾਪਤ ਜਾਣਕਾਰੀ ਇਹ ਵੀ ਦੱਸ ਰਹੀ ਹੈ ਕਿ ਪਲੂਟੋ ਦੇ ਵਾਯੂਮੰਡਲ ਦੀ ਨਿਮਨਤਮ ਪਰਤ ਉਸ ਨਾਲੋਂ ਕਿਤੇ ਵੱਧ ਪਤਲੀ ਹੈ ਜਿੰਨੀ ਇਹ ਸਮਝੀ ਜਾਂਦੀ ਸੀ।

1930 ਤਕ ਪਲੂਟੋ ਬਾਰੇ ਕਿਸੇ ਨੂੰ ਪਤਾ ਨਹੀਂ ਸੀ। ਬਸ ਅਮਰੀਕੀ ਤਾਰਾ ਵਿਗਿਆਨੀ ਪਰਸੀਵਲ ਲਾਵੇਲ ਨੇ 1905 ਵਿੱਚ ਆਪਣੀ ਖੋਜ ਦੇ ਆਧਾਰ ਉੱਤੇ ਇੰਨਾ ਕਹਿ ਕੇ ਗੱਲ ਤੋਰੀ ਕਿ ਨੈਪਚੂਨ ਤੇ ਪਲੂਟੋ ਦੇ ਆਰਬਿਟ ਜਿਵੇਂ ਖਿੜਕਦੇ ਹਨ, ਨੈਪਚੂਨ ਤੋਂ ਪਰ੍ਹਾਂ ਕੋਈ ਗ੍ਰਹਿ ਪ੍ਰਤੀਤ ਹੁੰਦਾ ਹੈ ਜਿਸ ਦੀ ਗੁਰੂਤਾ ਖਿੱਚ ਇਸ ਖਿੜਕਣ ਦੀ ਜ਼ਿੰਮੇਵਾਰ ਹੈ। ਪਰਸੀਵਲ ਲਾਵੇਲ 1915 ਵਿੱਚ ਮਰ ਗਿਆ। 1929 'ਚ ਬਾਈ ਸਾਲ ਦੇ ਇੱਕ ਸ਼ੌਕੀਆ ਤਾਰਾ ਵਿਗਿਆਨੀ ਕਲਾਈਡ ਟਾਮਬਾਗ ਨੇ ਐਰੀਜ਼ੋਨਾ ਦੀ ਲਾਵੇਲ ਔਬਜ਼ਰਵੇਟਰੀ ਦੇ ਸ਼ਕਤੀਸ਼ਾਲੀ ਵਾਈਡ ਫੀਲਡ ਟੈਲੀਸਕੋਪ ਨਾਲ ਆਸਮਾਨ ਦੀ ਛਾਣ-ਬੀਣ ਸ਼ੁਰੂ ਕੀਤੀ। 18 ਫਰਵਰੀ 1930 ਨੂੰ ਉਸ ਨੂੰ ਤਿੰਨ ਤਸਵੀਰਾਂ ਵਿੱਚ ਇੱਕ ਨਵਾਂ ਗ੍ਰਹਿ ਦਿਸਿਆ। ਇਸ ਦੌਰਾਨ ਇਸ ਦੀ ਸੂਰਜ ਤੋਂ ਵੱਧ ਤੋਂ ਵੱਧ ਦੂਰੀ ਸੱਤ ਅਰਬ ਚਾਲੀ ਕਰੋੜ ਤੇ ਘੱਟ ਤੋਂ ਘੱਟ ਦੂਰੀ ਚਾਰ ਅਰਬ ਚਾਲੀ ਕਰੋੜ ਕਿਲੋਮੀਟਰ ਹੁੰਦੀ ਹੈ। ਸਾਡੇ ਚੰਦ ਤੋਂ ਵੀ ਛੋਟਾ ਇਹ ਗ੍ਰਹਿ ਪਰਿਕਰਮਾ ਕਰਦੇ ਸਮੇਂ ਸਤਾਰਾਂ ਡਿਗਰੀ ਉੱਤੇ ਝੁਕਿਆ ਰਹਿੰਦਾ ਹੈ। ਸਮਾਂ ਬੀਤਣ ਨਾਲ ਪਤਾ ਲੱਗਿਆ ਕਿ ਆਕਾਰ ਪੱਖੋਂ ਪਲੂਟੋ ਨਾਲ ਮੁਕਾਬਲਾ ਕਰਦੇ ਹੋਰ ਪੁਲਾੜੀ ਪਿੰਡ ਵੀ ਹਨ। ਇਨ੍ਹਾਂ ਦੀ ਹੋਂਦ ਦੀ ਪੁਸ਼ਟੀ ਹੋਣ ਨਾਲ ਤਾਰਾ ਵਿਗਿਆਨੀਆਂ ਵਿੱਚ ਖਾਸਾ ਬਹਿਸ ਮੁਬਾਹਿਸਾ ਹੋਇਆ ਅਤੇ 2006 ਵਿੱਚ ਪਲੂਟੋ ਤੋਂ ਨੌਵੇਂ ਗ੍ਰਹਿ ਦਾ ਦਰਜਾ ਖੋਹ ਕੇ ਇਸ ਨੂੰ ਬੌਣਾ ਗ੍ਰਹਿ ਬਣਾ ਦਿੱਤਾ ਗਿਆ। ਸੀਅਰਜ਼, ਹਉਮੀਆ, ਮੇਕ ਮੇਕ ਅਤੇ ਐਰਿਸ ਚਾਰ ਹੋਰ ਬੌਣੇ ਗ੍ਰਹਿ ਇਸ ਦੇ ਸਾਥੀ ਬਣੇ। ਇਨ੍ਹਾਂ ਵਿੱਚੋਂ ਸੀਅਰਜ਼ ਐਸਟਰਾਇਡ ਬਸਤੀ ਦਾ ਵਾਸੀ ਹੈ।

ਬਾਕੀ ਤਿੰਨੇ ਨੈਪਚੂਨ ਤੋਂ ਪਰ੍ਹਾਂ ਸੂਰਜੀ ਵਿਹੜੇ ਦੇ ਬਾਸ਼ਿੰਦੇ ਹਨ। ਤਾਰਾ ਵਿਗਿਆਨੀ ਕਹਿੰਦੇ ਹਨ ਕਿ ਸੂਰਜੀ ਵਿਹੜੇ ਤੇ ਇਸ ਨਾਲ ਲੱਗਦੀ ਕਿਊਪਰ ਬਸਤੀ ਵਿੱਚ ਦੋ ਸੌ ਦੇ ਕਰੀਬ ਬੌਣੇ ਗ੍ਰਹਿ ਹਨ।

1979 ਵਿੱਚ ਜੇਮਜ਼ ਕਰਿਸਟੀ ਨੇ ਪਹਿਲਾਂ ਸਿਧਾਂਤਕ ਰੂਪ ਵਿੱਚ ਅਤੇ ਫਿਰ ਸੱਚਮੁੱਚ ਪਲੂਟੋ ਦੇ ਇੱਕ ਚੰਦ ਦੀ ਖੋਜ ਕੀਤੀ। ਉਸ ਨੇ ਆਪਣੀ ਪਤਨੀ ਚਾਰਲੀਨ ਦੇ ਨਾਂ ਉੱਤੇ ਇਸ ਨੂੰ ਚਾਰੋਨ ਦਾ ਨਾਮ ਦਿੱਤਾ। ਬਾਰਾਂ ਸੌ ਕਿਲੋਮੀਟਰ ਵਿਆਸ ਵਾਲਾ ਚਾਰੋਨ, ਪਲੂਟੋ ਤੋਂ ਅੱਧੇ ਨਾਲੋਂ ਵੱਡਾ ਹੈ। ਉਂਜ, ਪਲੂਟੋ ਦੇ ਚਾਰ ਹੋਰ ਨਿੱਕੇ ਆਕਾਰ ਦੇ ਚੰਨ ਵੀ ਹਨ। ਇਹ ਹਨ: ਨਿਕਸ, ਹਾਈਡਰਾ, ਸਟਾਈਕਸ ਤੇ ਕਰਬੀਰਾਸ। ਪਲੂਟੋ ਆਪਣੀ ਧੁਰੀ ਉੱਤੇ ਪੂਰਬ ਤੋਂ ਪੱਛਮ ਵੱਲ ਘੁੰਮਦਿਆਂ ਇੱਕ ਚੱਕਰ ਸਾਡੇ ਹਿਸਾਬ ਨਾਲ ਛੇ ਦਿਨ ਨੌਂ ਘੰਟੇ ਵਿੱਚ ਪੂਰਾ ਕਰਦਾ ਹੈ। ਕਮਾਲ ਹੈ ਕਿ ਚਾਰੋਨ ਵੀ ਪਲੂਟੋ ਦਾ ਚੱਕਰ ਬਿਲਕੁਲ ਇੰਨੇ ਹੀ ਸਮੇਂ ਵਿੱਚ ਪੂਰਾ ਕਰਦਾ ਹੈ। ਇਸ ਕਰਕੇ ਇਹ ਪਲੂਟੋ ਦੇ ਹਿਸਾਬ ਨਾਲ ਇੱਕੋ ਥਾਂ ਖੜ੍ਹਾ ਲੱਗਦਾ ਹੈ। ਪਲੂਟੋ ਦਾ ਚੰਦ ਨਾ ਡੁੱਬਦਾ ਹੈ ਤੇ ਨਾ ਹੀ ਚੜ੍ਹਦਾ ਹੈ। ਕਮਾਲ ਦਾ ਨਜ਼ਾਰਾ ਹੋਵੇਗਾ। ਸਾਡੇ ਸੌ ਚੰਨਾਂ ਵਰਗੀ ਚਮਕਦੀ ਚਿੱਟੀ ਲੋਹ ਇੱਕੋ ਥਾਂ ਆਕਾਸ਼ ਵਿੱਚ ਜਗਮਗ ਕਰਦੀ ਦਿਸਦੀ ਹੋਵੇਗੀ।

ਇੰਨੀ ਦੂਰ ਦੇ ਗ੍ਰਹਿ/ਬੌਣੇ ਗ੍ਰਹਿ ਪਲੂਟੋ ਬਾਰੇ ਤਾਰਾ ਵਿਗਿਆਨੀਆਂ ਨੂੰ ਚੱਜ ਨਾਲ ਮੁੱਢਲੀ ਜਾਣਕਾਰੀ 1996 ਵਿੱਚ ਹਬਲ ਟੈਲੀਸਕੋਪ ਦੀਆਂ ਤਸਵੀਰਾਂ ਨੇ ਦਿੱਤੀ। ਦੂਰੋਂ ਲਈਆਂ ਧੁੰਦਲੀਆਂ ਤਸਵੀਰਾਂ ਬਹੁਤਾ ਕੁਝ ਸਪਸ਼ਟ ਨਹੀਂ ਕਰ ਸਕੀਆਂ। ਇਸ ਬਰਫ਼ੀਲੇ ਬੌਣੇ ਦੀ ਅਸਲੀ ਜਾਣਕਾਰੀ ਨਿਊ ਹੋਰਾਈਜ਼ਨਜ਼ ਨਾਲ ਹੀ ਮਿਲਣੀ ਸ਼ੁਰੂ ਹੋਈ। ਉੱਨੀ ਜਨਵਰੀ 2006 ਨੂੰ ਪੈਂਹਠ ਕਰੋੜ ਅਮਰੀਕੀ ਡਾਲਰ ਦਾ ਇਹ ਪੁਲਾੜੀ ਜਹਾਜ਼ ਲਾਂਚ ਹੋਇਆ। ਇਸੇ ਸਾਲ ਦੇ ਮੁੱਕਦੇ ਮੁੱਕਦੇ ਪਲੂਟੋ ਨੂੰ ਗ੍ਰਹਿ ਦੀ ਥਾਂ ਬੌਣਾ ਗ੍ਰਹਿ ਬਣਾਉਣ ਦਾ ਐਲਾਨ ਹੋ ਗਿਆ। ਅਠਤਾਲੀ ਹਜ਼ਾਰ ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਉੱਤੇ ਇਹ ਧਰਤੀ ਤੋਂ ਉੱਡਿਆ ਅਤੇ ਨੌਂ ਘੰਟੇ ਵਿੱਚ ਹੀ ਚੰਦ ਨੂੰ ਪਾਰ ਕਰ ਗਿਆ। ਅਪੋਲੋ ਨੂੰ ਚੰਦ ਕੋਲ ਜਾਂਦਿਆਂ ਲਗਪਗ ਤਿੰਨ ਦਿਨ ਲੱਗ ਗਏ ਸਨ। ਪਲੂਟੋ ਤਕ ਜਾਂਦੇ ਜਾਂਦੇ ਇਸ ਜਹਾਜ਼ ਦੀ ਰਫ਼ਤਾਰ ਹੋਰ ਵਧਣੀ ਸੀ। ਗੱਡੀ ਚੜ੍ਹਨ ਦੀ ਕਾਹਲ ਬੜੀ ਸੀ। 1989 ਤੋਂ ਸੂਰਜ ਦੀ ਪਰਿਕਰਮਾ ਕਰਦਾ ਪਲੂਟੋ ਦੂਰ ਹੀ ਦੂਰ ਹੋ ਰਿਹਾ ਸੀ। ਬਹੁਤੀ ਦੇਰ ਹੋ ਜਾਂਦੀ ਤਾਂ ਪਲੂਟੋ ਨੇ ਬਿਲਕੁਲ ਬਰਫ਼ ਬਣ ਜਾਣਾ ਸੀ। ਇਸ ਦਾ ਦਿਨ ਦਾ ਤਾਪਮਾਨ ਪਹਿਲਾਂ ਹੀ ਮਨਫ਼ੀ 223 ਸੀ। ਵਿਗਿਆਨੀ ਚਾਹੁੰਦੇ ਸਨ ਕਿ 2020 ਤੋਂ ਪਹਿਲਾਂ ਨਿਊ ਹੋਰਾਈਜ਼ਨਜ਼ ਪਲੂਟੋ ਦੀ ਖ਼ਬਰਸਾਰ ਲੈ ਲਵੇ। ਉਸ ਪਿੱਛੋਂ ਪਲੂਟੋ ਦੀ ਧਰਤ ਤਾਂ ਕੀ ਸਾਰਾ ਵਾਯੂਮੰਡਲ ਹੀ ਅਜਿਹਾ ਬਰਫ਼ੀਲਾ ਗੋਲਾ ਬਣ ਜਾਣਾ ਸੀ ਕਿ ਇਸ ਵਿੱਚ ਝਾਤੀ ਮਾਰਨ ਨੂੰ ਕੁਝ ਨਹੀਂ ਸੀ ਬਚਣਾ। ਇਹ ਸਥਿਤੀ 248 ਸਾਲ ਦੀ ਇਸ ਪਰਿਕਰਮਾ ਦੇ ਖਾਸੇ ਲੰਮੇ ਅਰਸੇ ਤਕ ਬਣੀ ਰਹਿੰਦੀ ਹੈ। ਅਗਲਾ ਮੌਕਾ ਦਹਾਕਿਆਂ ਬੱਧੀ ਨਹੀਂ ਸੀ ਮਿਲਣਾ।

ਨਿਊ ਹੋਰਾਈਜ਼ਨਜ਼ ਉੱਤੇ ਸੱਤ ਉਪਕਰਨ ਸਨ। ਤਿੰਨ ਪ੍ਰਕਾਸ਼ ਉਪਕਰਨ, ਇੱਕ ਪਲਾਜ਼ਮਾ ਉਪਕਰਨ, ਇੱਕ ਧੂੜ ਸੈਂਸਰ ਤੇ ਇੱਕ ਰੇਡੀਓ ਸਾਇੰਸ ਉਪਕਰਨ। ਇਨ੍ਹਾਂ ਦਾ ਉਦੇਸ਼ ਪਲੂਟੋ ਦੇ ਵਾਯੂਮੰਡਲ ਦੀਆਂ ਵੱਖ ਵੱਖ ਤਹਿਆਂ ਅਤੇ ਇਸ ਦੀ ਧਰਤੀ ਦੀ ਮਿੱਟੀ/ਚੱਟਾਨਾਂ ਦੀ ਬਣਤਰ, ਤੱਤ, ਤਾਪਮਾਨ, ਦਬਾਅ ਪਤਾ ਕਰਨਾ ਸੀ। ਪਲੂਟੋ ਦੇ ਵੱਖ ਵੱਖ ਚੰਦਾਂ ਬਾਰੇ ਵੀ ਅਜਿਹੇ ਹੀ ਵੇਰਵੇ ਜਾਣਨਾ ਇਸ ਦਾ ਉਦੇਸ਼ ਸੀ। ਵਿਗਿਆਨਕ ਉਦੇਸ਼ਾਂ ਦੇ ਨਾਲ ਨਾਲ ਇਸ ਜਹਾਜ਼ ਨੇ ਦੂਰ ਪੁਲਾੜ ਵਿੱਚ ਮਨੁੱਖ ਦੀ ਪੈੜ ਉਲੀਕਣ ਦਾ ਯਤਨ ਵੀ ਕੀਤਾ। ਇਸ ਜਹਾਜ਼ ਵਿੱਚ ਧਰਤੀ ਉਤਲੇ ਮਨੁੱਖੀ ਸੱਭਿਆਚਾਰ ਦੀਆਂ ਪ੍ਰਤੀਨਿਧ ਕਲਾਤਮਿਕ ਵਸਤਾਂ, ਅਮਰੀਕੀ ਝੰਡਾ, ਪਲੂਟੋ ਦੀ ਦੱਸ ਪਾਉਣ ਵਾਲੇ ਮਰਹੂਮ ਕਲਾਈਡ ਟਾਮਬਾਗ ਦੀ ਤੀਹ ਗਰਾਮ ਰਾਖ ਤੇ ਲਗਪਗ ਸਵਾ ਚਾਰ ਲੱਖ ਲੋਕਾਂ ਦੇ ਨਾਵਾਂ ਦੀ ਸੀਡੀ ਭੇਜੀ ਗਈ। ਨਾਸਾ ਵਾਸਤੇ ਇਹ ਜਹਾਜ਼ ਜੌਹਨ ਹਾਪਕਿਨਜ਼ ਯੂਨੀਵਰਸਿਟੀ ਦੀ ਮੇਰੀਲੈਂਡ ਦੀ ਅਪਲਾਈਡ ਸਾਇੰਸ ਲੈਬ ਨੇ ਡਿਜ਼ਾਈਨ ਕੀਤਾ ਸੀ।

ਤਾਜ਼ਾ ਤਸਵੀਰਾਂ ਨੇ ਦੱਸਿਆ ਹੈ ਕਿ ਪਲੂਟੋ ਉੱਤੇ ਸਾਢੇ ਤਿੰਨ-ਤਿੰਨ ਕਿਲੋਮੀਟਰ ਉੱਚੇ ਪਹਾੜਾਂ ਦੀ ਲੜੀ ਹੈ। ਐਵਰੈਸਟ ਫ਼ਤਹਿ ਕਰਨ ਵਾਲੇ ਤੇਨਜ਼ਿੰਗ ਨਾਰਗੇ ਦੇ ਨਾਂ ਉੱਤੇ ਇਸ ਪਰਬਤ ਲੜੀ ਨੂੰ ਨਾਰਗੇ ਮੌਂਟਸ ਦਾ ਨਾਂ ਦਿੱਤਾ ਗਿਆ ਹੈ। ਇਸ ਬੌਣੇ ਗ੍ਰਹਿ ਦੀ ਧਰਤੀ ਉੱਤੇ ਚੱਟਾਨ ਵਾਂਗ ਜੰਮੀ ਬਰਫ਼ ਦੇ ਵਿਸ਼ਾਲ ਖਿੱਤੇ ਹਨ। ਪਲੂਟੋ ਉੱਤੇ ਕਿਊਪਰ ਬਸਤੀ ਵਿੱਚੋਂ ਭਾਂਤ ਭਾਂਤ ਦੇ ਵੱਡੇ ਪਿੰਡ ਡਿੱਗਦੇ ਰਹਿੰਦੇ ਹਨ। ਇਸ ਉੱਤੇ ਪੱਕੇ ਰੂਪ ਵਿੱਚ ਕੋਈ ਖੱਡੇ/ਟੋਏ ਉਨ੍ਹਾਂ ਨਾਲ ਬਣੇ ਜ਼ਰੂਰ ਹੋਣਗੇ, ਪਰ ਉਹ ਬਚੇ ਨਹੀਂ। ਪਲੂਟੋ ਦੀ ਹਿਲਜੁਲ ਨੇ ਉਹ ਭਰ ਦਿੱਤੇ ਹਨ। ਤਸਵੀਰਾਂ ਵਿੱਚ ਚੈਰੋਨ ਉੱਤੇ ਲੰਮਾ ਚੌੜਾ ਚੀਰ ਵੇਖਿਆ ਗਿਆ ਹੈ ਜੋ ਦੂਰ ਤਕ ਫੈਲਿਆ ਹੋਇਆ ਹੈ। ਚੈਰੋਨ ਉੱਤੇ ਡਿੱਗੇ ਪੁਲਾੜੀ ਪਿੰਡਾਂ ਨਾਲ ਬਣੇ ਦੋ ਤਿੰਨ ਡੂੰਘੇ ਟੋਏ ਦੇਖੇ ਗਏ ਹਨ। ਨਿਊ ਹੋਰਾਈਜ਼ਨਜ਼ ਪੁਲਾੜੀ ਮਿਸ਼ਨ 2020 ਤਕ ਕਿਊਪਰ ਬਸਤੀ ਦੀ ਫਰੋਲਾ ਫਰਾਲੀ ਕਰ ਕੇ ਇਸ ਦੂਰ-ਦੁਰਾਡੇ ਖਿੱਤੇ ਬਾਰੇ ਕਾਫ਼ੀ ਕੁਝ ਨਵਾਂ ਦੱਸੇਗਾ। ਵਿਸ਼ਵ ਪ੍ਰਸਿੱਧ ਵਿਗਿਆਨੀ ਸਟੀਫਨ ਹਾਕਿੰਗ ਨੇ ਇਸ ਜਹਾਜ਼ ਦੀ ਨਿਰਮਾਤਾ/ ਖੋਜੀ ਟੀਮ ਨੂੰ ਮੁਬਾਰਕ ਦਿੰਦਿਆਂ ਕਿਹਾ ਹੈ ਕਿ ਇਸ ਨਾਲ ਸਾਨੂੰ ਆਪਣੇ ਸੂਰਜ ਪਰਿਵਾਰ ਦੇ ਬਣਨ ਦੀ ਪ੍ਰਕਿਰਿਆ ਦੀ ਚੰਗੇਰੀ ਸਮਝ ਹੋਵੇਗੀ।

- ਡਾ. ਕੁਲਦੀਪ ਸਿੰਘ ਧੀਰ





ਬੱਚੇ ਆਪਣੇ ਸਰੀਰ ਦੀ ਹੱਡੀ ਖਿਸਕਾ ਦਿੰਦੇ ਹਨ ਇੱਧਰ ਤੋਂ ਉਧਰ



ਸਾਡੇ ਪੈਰ ਵਿਚ ਜ਼ਰਾ ਵੀ ਮੋਚ ਕੀ ਆ ਜਾਂਦੀ ਹੈ, ਸਾਡੇ ਪ੍ਰੇਸ਼ਾਨੀ ਵੱਧ ਜਾਂਦੀ ਹੈ ਪਰ ਇਸ ਦੁਨੀਆਂ ਵਿਚ ਅਜਿਹੇ ਵੀ ਲੋਕ ਹਨ ਜੋ ਆਪਣੇ ਸਰੀਰ ਦੇ ਅੰਦਰਲੇ ਅੰਗਾਂ ਦੇ ਨਾਲ ਖਿਲਵਾੜ ਕਰਦੇ ਹਨ। ਇਹਨਾਂ ਦੇ ਲਈ ਹੱਡੀਆਂ ਨੂੰ ਇੱਧਰ ਤੋਂ ਉਧਰ ਖਿਸਕਾਉਣਾ ਖੱਬੇ ਹੱਥ ਦੀ ਖੇਡ ਹੈ। ਹੈਰਾਨੀ ਤਾਂ ਉਦੋਂ ਹੁੰਦੀ ਹੈ ਜਦੋਂ ਉਹ ਵਾਪਸ ਉਸ ਹੱਡੀ ਨੂੰ ਆਪਣੀ ਜਗ੍ਹਾ ਫਿੱਟ ਕਰ ਦਿੰਦੇ ਹਨ। ਇਹ ਅਜਬ-ਗਜਬ ਕਾਰਨਾਮਾ ਕਰਨ ਵਾਲੇ ਚੀਨੀ ਸਕੂਲ ਦੇ ਬੱਚੇ ਹਨ।

ਚੀਨ ਦੀ ਸ਼ਾਓਲਿਨ ਮੋਨੈਸਟ੍ਰੀ ਪੂਰੀ ਦੁਨੀਆਂ ਲਈ ਪ੍ਰਸਿੱਧ ਹੈ। ਇੱਥੇ 1500 ਸਾਲ ਪਹਿਲਾਂ ਬਣਿਆ ਬੁੱਧ ਮੰਦਰ ਹੈ। ਇਸ ਤੋਂ ਇਲਾਵਾ ਬੁੱਧ ਧਰਮ ਦੀ ਪੜ੍ਹਾਈ ਦੇ ਲਈ ਇਹ ਦੁਨੀਆਂ ਦਾ ਸੈਂਟਰ ਕਹਾਉਂਦਾ ਹੈ। ਇੱਥੋਂ ਦੇ ਬੱਚੇ ਬੁੱਧ ਧਰਮ ਦਾ ਗਿਆਨ ਤਾਂ ਲੈਂਦੇ ਹੀ ਹਨ, ਨਾਲ ਹੀ ਆਪਣੇ ਸਰੀਰ ਤੇ ਕੰਟਰੋਲ ਕਰਨ ਲਈ ਗਰ ਵੀ ਸਿੱਖਦੇ ਹਨ। ਹਾਲ ਹੀ ਵਿਚ ਇਸ ਮੋਨੈਸਟ੍ਰੀ ਦੇ ਦੋ ਬੱਚਿਆਂ ਦਾ ਹੈਰਾਨੀਜਨਕ ਕਾਰਨਾਮਾ ਕੈਮਰੇ ਵਿਚ ਰਿਕਾਰਡ ਹੋ ਗਿਆ। ਇਹ ਬੱਚੇ ਆਪਣੇ ਸਰੀਰ ਦੇ ਅੰਦਰਲੇ ਅੰਗਾਂ ਨੂੰ ਇੱਧਰ-ਉਧਰ ਮੋੜ ਲੈਂਦੇ ਹਨ।

ਵੀਡੀਓ ਵਿਚ ਤੁਸੀਂ ਦੇਖੋਗੇ ਕਿ ਇਕ ਬੱਚਾ ਪੇਟ ਦੇ ਅੰਦਰੂਨੀ ਹਿੱਸੇ ਨੂੰ ਪੂਰੀ ਤਰ੍ਹਾਂ ਘੁੰਮਾ ਦਿੰਦਾ ਹੈ। ਜਿਸਨੂੰ ਦੇਖਣ ਤੋਂ ਬਾਅ

ਤ੍ਰਿਪੁਰਾ ਪੁਲਸ 'ਚ ਨੌਕਰੀ ਦੀ ਮੰਗ ਕਰ ਰਹੇ ਲੋਕਾਂ ਨੇ ਅੰਦੋਲਨ ਦੀ ਦਿੱਤੀ ਚਿਤਾਵਨੀ

ਏਜੰਸੀਆਂ

ਅਗਰਤਲਾ 6 ਅਗਸਤ। ਤ੍ਰਿਪੁਰਾ ਪੁਲਸ ਵਿੱਚ ਨੌਕਰੀਆਂ ਦੀ ਮੰਗ ਕਰਨ ਵਾਲੇ ਉਮੀਦਵਾਰਾਂ ਨੇ ਪ੍ਰਾਇਮਰੀ ਦਸਤਾਵੇਜਾਂ ਨਾਲ ਛੇੜਛਾੜ ਕਰਕੇ ਕਾਂਸਟੇਬਲ ਪੋਸਟਾਂ ਵਿੱਚ ਬਾਹਰੀ ਵਿਅਕਤੀਆਂ ਦੇ ਦਾਖਲੇ ਦੇ ਡਰੋਂ ਰਾਜ ਵਿਆਪੀ ਅੰਦੋਲਨ ਸ਼ੁਰੂ ਕਰਨ

ਦੀ ਧਮਕੀ ਦਿੱਤੀ ਹੈ। ਤ੍ਰਿਪੁਰਾ ਸਟੇਟ ਰਾਈਫਲਜ (ਟੀ.ਐੱਸ.ਆਰ.) 'ਚ ਰਾਈਫਲਮੈਨ ਦੀਆਂ ਅਸਾਮੀਆਂ 'ਤੇ ਕਈ ਬਾਹਰੀ ਉਮੀਦਵਾਰਾਂ ਨੂੰ ਨੌਕਰੀ ਮਿਲਣ ਤੋਂ ਬਾਅਦ ਇਹ ਖਦਸਾ ਹੋਰ ਵਧ ਗਿਆ ਹੈ। ਬਹੁਤ ਸਾਰੇ ਬਾਹਰੀ ਉਮੀਦਵਾਰਾਂ ਨੇ ਸਾਲ 2021 ਅਤੇ 2022 ਦੀਆਂ ਜਨਰਲ ਡਿਊਟੀ ਕਾਂਸਟੇਬਲ ਦੀਆਂ ਅਸਾਮੀਆਂ ਵਿੱਚ ਤ੍ਰਿਪੁਰਾ ਕੋਟੇ ਅਧੀਨ ਲਿਖਤੀ ਪ੍ਰੀਖਿਆ ਪਾਸ ਕੀਤੀ ਹੈ। ਨੌਕਰੀ ਦੇ ਚਾਹਵਾਨਾਂ ਨੇ ਚੁਣੇ ਗਏ ਉਮੀਦਵਾਰਾਂ ਦੇ ਦਸਤਾਵੇਜਾਂ ਦੀ ਪੜਤਾਲ ਦੀ ਮੰਗ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਦੇ ਫੈਸਲੇ ਅਨੁਸਾਰ ਇੱਥੇ ਕਿਸੇ ਵੀ ਰਾਜ ਸਰਕਾਰ ਦੀ ਨੌਕਰੀ ਲਈ ਤ੍ਰਿਪੁਰਾ ਪਰਮਾਨੈਂਟ ਰੈਜੀਡੈਂਟ ਸਰਟੀਫਿਕੇਟ (ਪੀ.ਆਰ.ਟੀ.ਸੀ.) ਲਾਜਮੀ ਕੀਤਾ ਗਿਆ ਹੈ ਪਰ ਰਾਈਫਲਮੈਨ ਦੇ ਮਾਮਲੇ ਵਿੱਚ ਇਸ ਦੀ ਉਲੰਘਣਾ ਕੀਤੀ ਗਈ। ਰਿਪੋਰਟ ਮੁਤਾਬਕ ਰਾਈਫਲਮੈਨ ਦੀਆਂ 1400 ਅਸਾਮੀਆਂ ਵਿੱਚੋਂ 300 ਤੋਂ ਵੱਧ ਬਾਹਰੀ ਉਮੀਦਵਾਰਾਂ ਨੂੰ ਨੌਕਰੀ ਮਿਲੀ ਹੈ। ਇਸੇ ਤਰ੍ਹਾਂ 1000 ਪੁਲਸ ਕਾਂਸਟੇਬਲਾਂ ਦੀਆਂ ਅਸਾਮੀਆਂ 'ਤੇ ਦੂਜੇ ਰਾਜਾਂ ਦੇ ਬਹੁਤ ਸਾਰੇ ਉਮੀਦਵਾਰਾਂ ਨੇ ਪ੍ਰੀਖਿਆ ਪਾਸ ਕੀਤੀ ਅਤੇ ਸੱਤਾਧਾਰੀ ਧਿਰ ਦੇ ਆਗੂਆਂ ਦੇ ਇੱਕ ਵਰਗ ਦੇ ਪ੍ਰਭਾਵ ਹੇਠ ਪ੍ਰਸ਼ਾਸਨ ਦੀ ਮਦਦ ਨਾਲ ਪੀ.ਆਰ.ਟੀ.ਸੀ. ਦਾ ਪ੍ਰਬੰਧਨ ਕੀਤਾ। ਅਧਿਕਾਰੀਆਂ ਨੇ ਹਾਲਾਂਕਿ ਕਿਹਾ ਕਿ ਰਾਈਫਲਮੈਨਾਂ ਦੇ ਮਾਮਲੇ ਵਿੱਚ ਸਰਕਾਰ ਨੇ ਦੇਸ ਦੇ ਵੱਖ-ਵੱਖ ਸਹਿਰਾਂ ਵਿੱਚ ਪ੍ਰੀਖਿਆ ਕੇਂਦਰ ਬਣਾਏ ਸਨ, ਕਿਉਂਕਿ ਟੀਐੱਸਆਰ ਇੱਕ ਅਰਧ ਸੈਨਿਕ ਬਲ ਹੈ, ਜੋ ਐਮਰਜੈਂਸੀ, ਚੋਣਾਂ ਅਤੇ ਰਾਸਟਰੀ ਸਮਾਗਮਾਂ ਦੌਰਾਨ ਸੁਰੱਖਿਆ ਡਿਊਟੀਆਂ ਲਈ ਦੇਸ ਭਰ ਵਿੱਚ ਤਾਇਨਾਤ ਹੁੰਦਾ ਹੈ। ਇਸ ਦੌਰਾਨ ਪ੍ਰਦਰਸਨਕਾਰੀਆਂ ਨੇ ਦੋਸ ਲਾਇਆ ਕਿ ਦੂਜੇ ਰਾਜਾਂ ਦੇ ਨੌਜਵਾਨਾਂ ਦੇ ਇੱਕ ਵਰਗ ਨੇ ਸੂਬੇ ਦੇ ਨੌਜਵਾਨਾਂ ਨੂੰ ਨੌਕਰੀਆਂ ਦੇਣ ਤੋਂ ਵਾਂਝੇ ਕਰਨ ਲਈ ਜਾਅਲੀ ਪੀ.ਆਰ.ਟੀ.ਸੀ. ਰੱਖੇ ਸੀ। ਉਨ੍ਹਾਂ ਨੇ ਕਿਹਾ ਕਿ ਬਾਹਰ ਦੇ ਉਮੀਦਵਾਰਾਂ ਨੇ ਤ੍ਰਿਪੁਰਾ ਵਿੱਚ ਕੇਂਦਰ ਸਰਕਾਰ ਦੀਆਂ ਵੱਖ-ਵੱਖ ਅਸਾਮੀਆਂ 'ਤੇ ਕੰਮ ਕਰ ਰਹੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਪਤੇ ਦਾ ਉਪਯੋਦ ਕਰਕੇ ਪੀ.ਆਰ.ਟੀ.ਸੀ. ਦਾ ਪ੍ਰਬੰਧਨ ਕੀਤਾ।

ਜਥੇਦਾਰ ਅਕਾਲ ਤਖਤ ਅਕਾਲੀ ਸੰਕਟ ਹਲ ਕਰਨ ਲਈ ਪੰਥਕ ਨੁਮਾਇੰਦਾ ਇੱਕਠ ਬੁਲਾਉਣ: ਸਿੱਖ ਸੇਵਕ ਸੁਸਾਇਟੀ

ਸਰਦੂਲ ਸਿੰਘ

ਜਲੰਧਰ 6 ਅਗਸਤ। ਬੀਤੇ ਦਿਨੀਂ ਸਿਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਵੱਲੋਂ ਜਥੇਦਾਰ ਪਰਮਿੰਦਰ ਸਿੰਘ ਖਾਲਸਾ ,ਪ੍ਰੋਫੈਸਰ ਬਲਵਿੰਦਰ ਪਾਲ ਸਿੰਘ, ਸਿੱਖ ਚਿੰਤਕ ਭਾਈ ਹਰਸਿਮਰਨ ਸਿੰਘ ਨੇ ਜਥੇਦਾਰ ਅਕਾਲ ਤਖਤ ਨੂੰ ਬੇਨਤੀ ਪੱਤਰ ਦਿੱਤਾ ਕਿ ਅਕਾਲੀ ਲੀਡਰਸ਼ਿਪ ਦੇ ਸੰਕਟ ਦਾ ਮਸਲਾ ਸਿਰਫ ਧਾਰਮਿਕ ਤਨਖਾਹ ਲਗਾਉਣ ਅਤੇ ਆਗੂਆਂ ਵੱਲੋਂ ਮੁਆਫੀ ਮੰਗ ਲਏ ਜਾਣਤਕ ਸੀਮਤ ਨਾ ਰਖਿਆ ਜਾਵੇ। ਇਨ੍ਹਾਂ ਦੋਸ਼ਾਂ ਦੇ ਫੈਸਲਿਆਂ ਬਾਰੇ ਸਿੱਖ ਪੰਥ ਦਾ ਨੁਮਾਇੰਦਾ ਇੱਕਠ 250 ਜਾਂ 300 ਦਾ ਬੁਲਾਇਆ ਜਾਵੇ ਅਤੇ ਇਸ ਸੰਕਟ ਦਾ ਠੋਸ ਸਿਟਾ ਕਢ ਕੇ ਠੋਸ ਹਲ ਅਤੇ ਫੈਸਲਾ ਵਿਸ਼ਾਲ ਪੰਥਕ ਇਕਠ ਸਰਬੱਤ ਖਾਲਸਾ ਦੇ ਰੂਪ ਵਿਚ ਲਾਗੂ ਕੀਤਾ ਜਾਵੇ ਤਾਂ ਅਕਾਲ ਤਖਤ ਸਾਹਿਬ ਦੀ ਪੁਰਾਤਨ ਪਰੰਪਰਾ ਬਹਾਲ ਹੋ ਸਕੇ ਅਤੇ ਸਮੁਚਾ ਸਿੱਖ ਪੰਥ ਇਨ੍ਹਾਂ ਫੈਸਲਿਆਂ ਦਾ ਸਮਰਥਨ ਕਰ ਸਕੇ ਕਿ ਇਹ ਫੈਸਲੇ ਸਿੱਖ ਮਰਿਆਦਾ ਅਤੇ ਮਾਨਸਕਿਤਾ ਅਨੁਸਾਰ ਹੋਏ ਹਨ। ਉਨ੍ਹਾਂ ਕਿਹਾ ਕਿ ਇਸ ਵਿਚ ਅਕਾਲੀ ਦਲ ਪੁਨਰ ਸੁਰਜੀਤੀ, ਪੰਥਕ ਏਜੰਡੇ ,ਅਕਾਲੀ ਦਲ ਦੀ ਲੀਡਰਸ਼ਿਪ ਦਾ ਫੈਸਲਾ ਪੰਥਕ ਮਾਨਸਿਕਤਾ ਅਨੁਸਾਰ ਕਰਨ ਦੀ ਬੇਨਤੀ ਹੈ। ਸਿੱਖ ਚਿੰਤਕਾਂ ਨੇ ਕਿਹਾ ਇਸ ਸਬੰਧ ਵਿਚ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਪੁਰਾਤਨ ਅਨੁਸਾਰ ਇਤਿਹਾਸਕ ਭੂਮਿਕਾ ਨਿਭਾਉਣ ਦੀ ਲੋੜ ਹੈ। ਮੀਡੀਆ ਨੂੰ ਸੰਬੋਧਨ ਕਰਦਿਆਂ ਪਰਮਿੰਦਰ ਪਾਲ ਸਿੰਘ ਨੇ ਕਿਹਾ ਕਿ ਇਸ ਸੰਕਟ ਬਾਰੇ ਸਿਖ ਪੰਥ ਦੀਆਂ ਸਰਬਪ੍ਰਵਾਨਿਤ ਸਖਸ਼ੀਅਤਾਂ ਬਾਬਾ ਸਰਬਜੋਤ ਸਿੰਘ ਬੇਦੀ, ਸਰਦਾਰ ਗੁਰਤੇਜ ਸਿੰਘ ਆਈ. ਏ. ਐੱਸ ,ਬੀਬੀ ਪਰਮਜੀਤ ਕੌਰ ਖਾਲੜਾ,ਜਥੇਦਾਰ ਸੁਖਦੇਵ ਸਿੰਘ ਭੌਰ, ਸਰਦਾਰ ਹਰਸਿਮਰਨ ਸਿੰਘ, ਸਿੰਘ ਸਾਹਿਬ ਪ੍ਰੋਫੈਸਰ ਮਨਜੀਤ ਸਿੰਘ ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਹਰਵਿੰਦਰ

ਸਿੰਘ ਫੁਲਕਾ ਐਡਵੋਕੇਟ ਪ੍ਰੋਫੈਸਰ ਸੁਖਦਿਆਲ ਸਿੰਘ, ਰਜਿੰਦਰ ਸਿੰਘ ਪੁਰੇਵਾਲ ਡਰਬੀ ਯੂਕੇ, ਪਰਮਜੀਤ ਸਿੰਘ ਸਰਨਾ ਦਿੱਲੀ ਦਾ ਸਹਿਯੋਗ ਲਿਆ ਜਾਵੇ। ਪੰਥਕ ਸੰਕਟ ਦੇ ਹਲ ਲਈ ਇਹ ਸੁਪਰੀਮ ਪੰਥਕ ਕੌਂਸਲ ਬਣਾਈ ਜਾਵੇ ,ਜਿਸ ਨੂੰ ਸ਼੍ਰੋਮਣੀ ਕਮੇਟੀ ਅਤੇ ਸਮੁਚੀਆਂ ਪੰਥਕ ਧਿਰਾਂ ਸਮਰਥਨ ਦੇਣ। ਉਨ੍ਹਾਂ ਇਹ ਵੀ ਕਿਹਾ ਕਿ ਇਹ ਪੰਥਕ ਕੌਂਸਲ ਅਕਾਲ ਤਖਤ ਸਾਹਿਬ ਦੀ ਅਗਵਾਈ ਵਿਚ ਕੰਮ ਕਰੇ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਕਰਨ ਨਾਲ ਜਿੱਥੇ ਤੁਹਾਨੂੰ ਸ਼ਕਤੀ ਮਿਲੇਗੀ, ਉੱਥੇ ਪੰਥ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੀ ਦੇਖ-ਰੇਖ ਹੇਠ ਪੰਥਕ ਏਕਤਾ ਕਰਨ ਦਾ ਰਸਤਾ ਵੀ ਸਾਫ ਹੋ ਜਾਏਗਾ। ਉਨ੍ਹਾਂ ਇਹ ਵੀ ਕਿਹਾ ਕਿ ਅਕਾਲੀ ਦਲ ਦੇ ਸਾਰੇ ਜਥੇਬੰਦਕ ਢਾਂਚੇ ਅਤੇ ਪ੍ਰਧਾਨ ਸਮੇਤ ਸਾਰੇ ਅਹੁਦੇਦਾਰਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਤੋਂ ਪਾਸੇ ਕਰ ਦਿੱਤਾ ਜਾਵੇ। ਇਸ ਦੀ ਸਾਰੀ ਜ਼ਿੰਮੇਵਾਰੀ ਸਰਬਤ ਖਾਲਸਾ ਵੱਲੋਂ ਥਾਪੀ ਸੁਪਰੀਮ ਖਾਲਸਾ ਕੌਂਸਲ ਨੂੰ ਦਿੱਤੀ ਜਾਵੇ। ਇਹ ਸਮਾਂਬੱਧ ਤਰੀਕੇ ਨਾਲ ਸਾਰੀਆਂ ਧਿਰਾਂ ਨੂੰ ਨਾਲ ਲੈ ਕੇ ਅਕਾਲੀ ਦਲ ਦੀ ਪੁਨਰ ਸਥਾਪਨਾ ਨੂੰ ਨੇਪਰੇ ਚਾੜਨ ਦੀ ਜ਼ਿੰਮੇਵਾਰੀ ਨਿਭਾਵੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਕਾਰਪੋਰੇਟ ਫੰਡਾਂ ਦੀ ਥਾਂ ਸਿਖ ਪੰਥ ਦੀ ਦਸਵੰਧ ਨਾਲ ਚਲੇ। ਇਹ ਕਿਰਤੀਆਂ, ਦਬੇ ਕੁਚਲਿਆਂ ਘਟਗਿਣਤੀਆਂ, ਪੰਜਾਬ ਦੀ ਪ੍ਰਤੀਨਿਧ ਬਣਕੇ ਸਾਹਮਣੇ ਆਏ। ਪਰਿਵਾਰਵਾਦ ਅਤੇ ਜਾਤੀਵਾਦ ਦੀ ਇਸ ਵਿਚ ਕੋਈ ਥਾਂ ਨਾ ਹੋਵੇ। ਜਥੇਦਾਰ ਅਕਾਲ ਤਖਤ ਦੇ ਫੈਸਲੇ ਦੀ ਤਾਰੀਫ ਕਰਦਿਆਂ ਸਿਖ ਚਿੰਤਕਾਂ ਨੇ ਕਿਹਾ ਕਿ ਅਕਾਲ ਤਖਤ ਸਾਹਿਬ ਦੀ ਮਰਿਯਾਦਾ ਅਨੁਸਾਰ ਨਿਸ਼ਾਨ ਸਾਹਿਬ ਦੇ ਰੰਗ ਬਾਰੇ ਯਾਦਗਾਰੀ ਇਤਿਹਾਸਕ ਫੈਸਲਾ ਲਿਆ ਜੋ ਤੁਹਾਡੇ ਤੋਂ ਪਹਿਲਾਂ ਨਹੀਂ ਹੋ ਸਕਿਆ। ਦੇਸ਼ਾਂ-ਵਿਦੇਸ਼ਾਂ ਦੀਆਂ ਸਿੱਖ ਸੰਗਤਾਂ ਇਸ ਮਸਲੇ ਵਿਚ ਤੁਹਾਡੇ ਹਕ ਵਿਚ ਹਨ। ਇਸ ਤਰ੍ਹਾਂ ਜਾਤ-ਪਾਤ ਵਿਰੁਧ ਗੁਰਮਤਿ ਰੋਸ਼ਨੀ ਵਿਚ ਅਕਾਲ ਤਖਤ ਸਾਹਿਬ ਤੋਂ ਫੈਸਲਾ ਕਰਨ ਦੀ ਬੇਨਤੀ ਹੈ ਤਾਂ ਜੋ ਸਿੱਖੀ ਦਾ ਅਕਸ ਨਸਲਵਾਦ ਵਿਰੁੱਧ ਉਭਰ ਸਕੇ। ਸਿੱਖ ਪੰਥ ਵੀ ਦੇਸਾਂ-ਵਿਦੇਸ਼ਾਂ ਵਿਚ ਨਸਲਵਾਦ ,ਫਿਰਕੂਵਾਦ ਦਾ ਦੁਖਾਂਤ ਭੋਗ ਰਿਹਾ ਹੈ।

2023 'ਚ 2.1 ਲੱਖ ਭਾਰਤੀਆਂ ਨੇ ਛੱਡੀ ਨਾਗਰਿਕਤਾ, ਸਰਕਾਰ ਨੇ ਦੱਸੀ ਵਜ੍ਹਾ

ਨਵੀਂ ਦਿੱਲੀ 6 ਅਗਸਤ। ਸਰਕਾਰ ਨੇ ਵੀਰਵਾਰ ਨੂੰ ਰਾਜ ਸਭਾ ਨੂੰ ਸੂਚਿਤ ਕੀਤਾ ਕਿ ਸਾਲ 2023 'ਚ 2.16 ਲੱਖ ਤੋਂ ਵੱਧ ਭਾਰਤੀਆਂ ਨੇ ਆਪਣੀ ਨਾਗਰਿਕਤਾ ਤਿਆਗ ਦਿੱਤੀ। ਦਿਵੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਪਿਛਲੇ 5 ਸਾਲਾਂ 'ਚ ਆਪਣੀ ਨਾਗਰਿਕਤਾ ਤਿਆਗਨ ਵਾਲੇ ਭਾਰਤੀ ਨਾਗਰਿਕਾਂ ਨਾਲ ਜੁੜਏ ਸਵਾਲਾਂ ਦੇ ਲਿਖਤ ਜਵਾਬ 'ਚ ਇਹ ਜਾਣਕਾਰੀ ਦਿੱਤੀ। ਆਪਣੇ ਜਵਾਬ 'ਚ ਉਨ੍ਹਾਂ ਨੇ ਸਾਲ 2011-2018 ਦੇ ਸੰਬੰਧਿਤ ਅੰਕੜੇ ਵੀ ਸਾਂਝੇ ਕੀਤੇ। ਸਾਲ 2023 'ਚ ਆਪਣੀ ਨਾਗਰਿਕਤਾ ਤਿਆਗਨ ਵਾਲੇ ਭਾਰਤੀਆਂ ਦੀ ਗਿਣਤੀ 2,16,219 (2.16 ਲੱਖ) ਸੀ। ਅੰਕੜਿਆਂ ਅਨੁਸਾਰ, ਸਾਲ 2022 ਇਹ ਅੰਕੜਾ 2,25,620 (2.25 ਲੱਖ) ਸੀ ਉਹ ਸਾਲ 2021 'ਚ ਇਹ ਗਿਣਤੀ 1,63,370 (1.63 ਲੱਖ) ਅਤੇ ਸਾਲ 2019 'ਚ 1,44,017 (1.44 ਲੱਖ) ਸੀ। 'ਆਪ' ਮੈਂਬਰ ਰਾਘਵ ਚੱਢਾ ਦਾ ਸਵਾਲ

ਇਹ ਵੀ ਸੀ ਕਿ ਕੀ ਸਰਕਾਰ ਨੇ ਇੰਨੀ ਜ਼ਿਆਦਾ ਗਿਣਤੀ 'ਚ ਲੋਕਾਂ ਦੇ ਨਾਗਰਿਕਤਾ ਛੱਡਣ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਕਦਮ ਚੁੱਕੇ ਹਨ? ਉਨ੍ਹਾਂ ਨੇ ਇਹ ਵੀ ਸਵਾਲ ਕੀਤਾ ਸੀ ਕਿ ਕੀ ਸਰਕਾਰ ਨੇ ਨਾਗਰਿਕਤਾ ਦੇ ਤਿਆਗ ਦੇ ਕਾਰਨ 'ਵਿੱਤੀ ਅਤੇ ਦਿਮਾਗੀ ਨਿਕਾਸ' ਅਤੇ ਅਤੇ ਦੇਸ਼ ਨੂੰ ਹੋਣ ਵਾਲੇ ਨੁਕਸਾਨ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਹੈ। ਮੰਤਰੀ ਨੇ ਕਿਹਾ ਕਿ ਨਾਗਰਿਕਤਾ ਛੱਡਣ ਦੇ ਕਾਰਨ ਨਿੱਜੀ ਹਨ। ਉਨ੍ਹਾਂ ਨੇ ਕਿਹਾ ਕਿ ਸਰਕਾਰ ਗਿਆਨ ਅਰਥਵਿਵਸਥਾ ਦੇ ਯੁਗ 'ਚ ਗਲੋਬਲ ਕਾਰਜਸਥਲ ਦੀ ਸਮਰਥਾ ਨੂੰ ਪਛਾਣਦੀ ਹੈ। ਇਸ ਨੇ ਭਾਰਤੀ ਪ੍ਰਵਾਸੀਆਂ ਦੇ ਨਾਲ ਆਪਣੇ ਜੁੜਾਅ 'ਚ ਵੀ ਪਰਿਵਰਤਨਕਾਰੀ ਬਦਲਾਅ ਲਿਆਂਦਾ ਹੈ। ਸਿੰਘ ਨੇ ਕਿਹਾ ਕਿ ਇਕ ਸਫਲ, ਖੁਸ਼ਹਾਲ ਅਤੇ ਪ੍ਰਭਾਵਸ਼ਾਲੀ ਪ੍ਰਵਾਸੀ ਭਾਰਤੀ ਭਾਈਚਾਰੇ ਲਈ ਇਕ ਸੰਪਤੀ ਹੈ।

ਤਾਜ ਮਹਿਲ 'ਚ ਨੌਜਵਾਨਾਂ ਨੇ ਬੋਤਲ ਨਾਲ ਸੁੱਟਿਆ ਪਾਣੀ, ਜਲਾਭਿਸ਼ੇਕ ਦਾ ਕੀਤਾ ਦਾਅਵਾ

ਆਗਰਾ 6 ਅਗਸਤ। ਉੱਤਰ ਪ੍ਰਦੇਸ ਦੇ ਆਗਰਾ ਦੇ ਤਾਜ ਮਹਿਲ ਵਿਚ ਸਨੀਵਾਰ ਨੂੰ 2 ਨੌਜਵਾਨਾਂ ਨੇ ਬੋਤਲ ਦੇ ਅੰਦਰ ਪਾਣੀ ਸੁੱਟ ਦਿੱਤਾ ਅਤੇ ਤਾਜ ਮਹਿਲ ਨੂੰ ਤੇਜੋ ਮਹਾਲਿਆ ਕਹਿ ਕੇ ਜਲਾਭਿਸੇਕ ਕਰਨ ਦਾ ਦਾਅਵਾ ਕੀਤਾ। ਹਾਲਾਂਕਿ ਮਾਮਲੇ ਦੀ ਜਾਣਕਾਰੀ ਮਿਲਦੇ ਹੀ ਦੋਹਾਂ ਨੂੰ ਹਿਰਾਸਤ 'ਚ ਲੈ ਲਿਆ ਗਿਆ। ਪੁਲਸ ਡਿਪਟੀ ਕਮਿਸ਼ਨਰ ਸੂਰਜ ਰਾਏ ਨੇ ਮੀਡੀਆ ਨੂੰ ਦੱਸਿਆ ਕਿ ਤਾਜ ਮਹਿਲ ਦੇ ਦਰਸਨ ਕਰਨ ਆਏ 2 ਨੌਜਵਾਨਾਂ ਵੱਲੋਂ ਸਨੀਵਾਰ ਨੂੰ ਇਕ ਬੋਤਲ ਨਾਲ ਤਾਜ ਮਹਿਲ ਦੇ ਅੰਦਰ ਪਾਣੀ ਸੁੱਟਿਆ ਗਿਆ ਸੀ। ਇਹ ਹਰਕਤ ਦੇਖ ਸੀ.ਆਈ.ਐੱਸ.ਐੱਫ. ਨੇ ਨੌਜਵਾਨਾਂ ਨੂੰ ਹਿਰਾਸਤ 'ਚ ਲੈ ਲਿਆ। ਤਾਜਗੰਜ ਥਾਣੇ 'ਚ ਦਿੱਤੀ ਸ਼ਿਕਾਇਤ ਦੇ ਆਧਾਰ 'ਤੇ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਹਿੰਦੂਵਾਦੀ ਨੇਤਾਵਾਂ ਦਾ ਦਾਅਵਾ ਹੈ ਕਿ ਇਹ ਦੋਵੇਂ ਨੌਜਵਾਨ ਸਾਵਣ ਦੇ ਮਹੀਨੇ ਤਾਜ ਮਹਿਲ ਨੂੰ ਸ਼ਿਵ ਮੰਦਰ ਤੇਜੋ ਮਹਾਲਿਆ ਮੰਨ ਕੇ ਗੰਗਾ ਜਲ ਚੜ੍ਹਾਉਣ ਆਏ ਸਨ। ਦੋਵੇਂ ਨੌਜਵਾਨਾਂ ਨੇ ਮੁੱਖ ਸਮਾਧ 'ਚ ਸਥਿਤ ਬੇਸਮੈਂਟ ਦੇ ਦਰਵਾਜੇ 'ਤੇ ਉਪਰੋਂ ਗੰਗਾ ਜਲ ਚੜ੍ਹਾਇਆ। ਨੌਜਵਾਨਾਂ ਦੀ ਵੀਡੀਓ ਵੀ ਸਾਹਮਣੇ ਆਈ ਹੈ। ਵੀਡੀਓ 'ਚ ਇਕ ਨੌਜਵਾਨ ਪੌੜੀਆਂ 'ਤੇ ਇਕ ਬੋਤਲ 'ਚੋਂ ਪਾਣੀ ਛਿੜਕਦਾ ਦਿਖਾਈ ਦੇ ਰਿਹਾ ਹੈ ਅਤੇ ਇਕ ਹੋਰ ਵਿਅਕਤੀ ਮਕਬਰੇ ਦੀ ਬਾਹਰਲੀ ਕੰਧ 'ਤੇ ਓਮ ਦਾ ਸਟਿੱਕਰ ਚਿਪਕਾਉਣ ਤੋਂ ਬਾਅਦ ਬੋਤਲ 'ਚੋਂ ਪਾਣੀ ਸੁੱਟਦਾ ਦਿਖਾਈ ਦੇ ਰਿਹਾ ਹੈ। ਇਸ ਮਾਮਲੇ 'ਚ ਅਖਿਲ ਭਾਰਤ ਹਿੰਦੂ ਮਹਾਸਭਾ ਦੇ ਬੁਲਾਰੇ ਸੰਜੇ ਜਾਟ ਨੇ ਦੱਸਿਆ ਕਿ ਮਹਾਸਭਾ ਦੇ ਵਿਨੇਸ ਚੌਧਰੀ ਅਤੇ ਸ਼ਿਆਮ ਨੇ ਤੇਜੋ ਮਹਾਲਿਆ 'ਚ ਗੰਗਾ ਜਲ ਚੜ੍ਹਾਇਆ। ਇਹ ਇਮਾਰਤ ਤਾਜ ਮਹਿਲ ਨਹੀਂ, ਤੇਜੋ ਮਹਾਲਿਆ ਹੈ, ਭਵਿੱਖ 'ਚ ਵੀ ਅਸੀਂ ਕਾਂਵੜ ਲੈ ਕੇ ਭਗਵਾਨ ਸ਼ਿਵ ਨੂੰ ਗੰਗਾ ਜਲ ਨਾਲ ਅਭਿਸੇਕ ਕਰਦੇ ਰਹਾਂਗੇ।

ਵਪਾਰ ਮੰਡਲ ਦੇ ਵਫਦ ਨੇ ਮੰਤਰੀ ਧਾਲੀਵਾਲ ਨਾਲ ਕੀਤੀ ਮੁਲਾਕਾਤ

ਕਿਸ਼ਨ ਪਾਲ

ਅੰਮ੍ਰਿਤਸਰ 6 ਅਗਸਤ। । ਪੰਜਾਬ ਭਰ ਦੇ ਵਪਾਰੀਆਂ ਨੇ ਸਰਕਾਰ ਵੱਲੋਂ ਬੈਂਕਾਂ ਦੇ ਕਰਜ਼ਿਆਂ 'ਤੇ ਸਟੈਂਪ ਡਿਊਟੀ ਲਾਉਣ ਨੂੰ ਲੈ ਕੇ ਆਪਣਾ ਗੁੱਸਾ ਪ੍ਰਗਟਾਇਆ ਹੈ ਅਤੇ ਇਸ ਮਾਮਲੇ ਸਬੰਧੀ ਵਪਾਰੀ ਆਗੂਆਂ ਦੇ ਇਕ ਵਫਦ ਨੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨਾਲ ਮੁਲਾਕਾਤ ਕਰ ਕੇ ਆਪਣੀਆਂ ਤਕਨੀਕੀ ਸਮੱਸਿਆਵਾਂ ਦਾ ਪ੍ਰਗਟਾਵਾ ਕੀਤਾ ਹੈ। ਸੂਬੇ ਦੀ ਵੱਡੀ ਸੰਸਥਾ ਪੰਜਾਬ ਪ੍ਰਦੇਸ ਵਪਾਰ ਮੰਡਲ ਦੇ ਪ੍ਰਧਾਨ ਪਿਆਰੇ ਲਾਲ ਸੇਠ ਅਤੇ ਜਨਰਲ ਸਕੱਤਰ ਸਮੀਰ ਜੈਨ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਕਰਜਾ ਅਤੇ ਸੀ. ਸੀ. ਲਿਮਟ ਲੈਣ 'ਤੇ 0.25 ਫੀਸਦੀ ਸਟੈਂਪ ਡਿਊਟੀ ਅਦਾ ਕਰਨੀ ਲਾਜਮੀ ਕਰ ਦਿੱਤੀ ਹੈ, ਜੋ ਕਿ ਵਪਾਰ/ਉਦਯੋਗ ਲਈ ਸਰਕਾਰੀ ਗਾਜ ਦੀ ਤਰ੍ਹਾਂ ਹੈ। ਉਨ੍ਹਾਂ ਦੱਸਿਆ ਕਿ 4 ਫੀਸਦੀ ਮੋਰਟਗੇਜ ਚਾਰਜ ਦੇ ਰੂਪ ਵਿਚ ਵੀ ਸਟੈਂਪ ਡਿਊਟੀ ਪੰਜਾਬ ਸਰਕਾਰ ਨੂੰ ਅਦਾ ਕਰਨੀ ਪਵੇਗੀ। ਸਮੀਰ ਜੈਨ ਨੇ ਕਿਹਾ ਕਿ ਇਸ ਤੋਂ ਇਲਾਵਾ 1 ਪ੍ਰਤੀਸ਼ਤ ਰਜਿਸਟ੍ਰੇਸ਼ਨ ਫੀਸ ਅਤੇ 1 ਹਜਾਰ ਰੁਪਏ

ਫੈਸੀਲਿਟੇਸ਼ਨ ਚਾਰਜਿਸ ਭਰਨੇ ਪੈਣਗੇ। ਇਸ ਸਥਿਤੀ ਦੇ ਮੱਦੇਨਜਰ ਵਪਾਰ ਮੰਡਲ ਨੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਕਿਹਾ ਕਿ ਆਪਣੀ ਆਰਥਿਕ ਹਾਲਤ ਨੂੰ ਮਜਬੂਤ ਕਰਨ ਲਈ ਕਾਰੋਬਾਰੀ ਅਤੇ ਉਦਯੋਗ ਬੈਂਕਾਂ ਤੋਂ ਕਰਜੇ ਜਾਂ ਸੀ. ਸੀ. ਲਿਮਟ ਲੈਂਦੇ ਹਨ ਅਤੇ ਉਸ ਪੈਸੇ ਨਾਲ ਉਹ ਵਪਾਰ ਅਤੇ ਉਦਯੋਗ ਨੂੰ ਹੁਲਾਰਾ ਦੇਣ ਲਈ ਸਰਕਾਰੀ ਖਜਾਨੇ ਵਿਚ ਟੈਕਸ ਵਧਾ ਦਿੰਦੇ ਹਨ। ਉਸ ਰਕਮ '